

# ਵਾਜਬ ਤੌਰ 'ਤੇ ਵਿਹਾਰਕ

ਪ੍ਰਕਾਸ਼ਨ 1856 ਸਤੰਬਰ  2020

ਪ੍ਰਕਾਸ਼ਨ 1856 ਸਤੰਬਰ 2020

**ਬੇਦਾਅਵਾ**

ਇਸ ਪ੍ਰਕਾਸ਼ਨ ਵਿੱਚ ਜਾਣਕਾਰੀ ਕੇਵਲ ਆਮ ਸੇਧ ਦੇਣ ਲਈ ਹੈ। ਇਹ ਕਾਨੂੰਨੀ ਜਾਂ ਹੋਰ ਪੇਸ਼ੇਵਰ ਸਲਾਹ ਨਹੀਂ ਬਣਦੀ ਅਤੇ ਕਾਨੂੰਨ ਦੇ ਬਿਆਨ ਵਜੋਂ ਇਸ ਉੱਤੇ ਭਰੋਸਾ ਨਹੀਂ ਕੀਤਾ ਜਾਣਾ ਚਾਹੀਦਾ। ਕਿਉਂਕਿ ਇਸ ਦਾ ਉਦੇਸ਼ ਕੇਵਲ ਇਕ ਆਮ ਗਾਈਡ ਵਜੋਂ ਹੈ, ਇਸ ਵਿੱਚ ਆਮ ਵਰਗੇ ਤਰੀਕੇ ਹੋ ਸਕਦੇ ਹਨ।

ਜੇ ਤੁਹਾਨੂੰ ਕੋਈ ਵਿਸ਼ੇਸ਼ ਚਿੰਤਾ ਹੈ ਤਾਂ ਤੁਹਾਨੂੰ ਪੇਸ਼ੇਵਰ ਸਲਾਹ ਪ੍ਰਾਪਤ ਕਰਨੀ ਚਾਹੀਦੀ ਹੈ। EPA ਨੇ ਤਾਜ਼ੀ ਅਤੇ ਸਟੀਕ ਜਾਣਕਾਰੀ ਪ੍ਰਦਾਨ ਕਰਨ ਲਈ ਹਰ ਵਾਜਬ ਕੋਸ਼ਿਸ਼ ਕੀਤੀ ਹੈ, ਪਰ ਜਾਣਕਾਰੀ ਦੀ ਸਟੀਕਤਾ, ਤਾਜ਼ਾਪਣ ਜਾਂ ਸੰਪੂਰਨਤਾ ਬਾਰੇ ਕੋਈ ਗਾਰੰਟੀ ਨਹੀਂ ਦਿੰਦਾ ਹੈ।

© ਸਟੇਟ ਆਫ ਵਿਕਟੋਰੀਆ (ਵਾਤਾਵਰਣ ਸੁਰੱਖਿਆ ਅਥਾਰਟੀ ਵਿਕਟੋਰੀਆ) 2020

ਇਹ ਕੰਮ, *ਵਾਜਬ ਤੌਰ 'ਤੇ ਵਿਹਾਰਕ*, ਕ੍ਰਿਏਟਿਵ ਕਾਮਨਜ਼ ਐਟਰੀਬਿਊਸ਼ਨ 4-0 ਲਾਇਸੰਸ ਦੇ ਅਧੀਨ ਲਾਇਸੰਸ ਦਿੱਤਾ ਗਿਆ ਹੈ। ਤੁਸੀਂ ਉਸ ਲਾਇਸੰਸ ਦੇ ਅਧੀਨ ਇਸ ਕੰਮ ਨੂੰ ਦੁਬਾਰਾ ਵਰਤਣ ਲਈ ਸੁਤੰਤਰ ਹੋ, ਇਸ ਸ਼ਰਤ ਉੱਤੇ ਕਿ ਤੁਸੀਂ ਵਾਤਾਵਰਣ ਸੁਰੱਖਿਆ ਅਥਾਰਟੀ ਵਿਕਟੋਰੀਆ (EPA Victoria) ਨੂੰ ਲੇਖਕ ਵਜੋਂ ਸਿਹਰਾ ਦਿੰਦੇ ਹੋ, ਇਹ ਦਰਸਾਉਂਦੇ ਹੋ ਜੇ ਤਬਦੀਲੀਆਂ ਕੀਤੀਆਂ ਗਈਆਂ ਸਨ, ਅਤੇ ਹੋਰ ਲਾਇਸੰਸ ਸ਼ਰਤਾਂ ਦੀ ਪਾਲਣਾ ਕਰਦੇ ਹੋ। ਲਾਇਸੰਸ ਇਸ ਉੱਤੇ ਲਾਗੂ ਨਹੀਂ ਹੁੰਦਾ ਹੈ: ਕੋਈ ਫੋਟੋਆਂ ਅਤੇ ਚਿੱਤਰ; ਕੋਈ ਵੀ ਬ੍ਰਾਂਡਿੰਗ, ਜਿਸ ਵਿੱਚ EPA ਲੋਗੋ ਅਤੇ ਵਿਕਟੋਰੀਆ ਦੀ ਸਰਕਾਰ ਦਾ ਲੋਗੋ ਵੀ ਸ਼ਾਮਲ ਹੈ; ਅਤੇ ਤੀਜੀਆਂ ਧਿਰਾਂ ਦੁਆਰਾ ਦਿੱਤੀ ਗਈ ਕੋਈ ਵੀ ਸਮੱਗਰੀ

ਵਾਤਾਵਰਣ ਸੁਰੱਖਿਆ ਅਥਾਰਟੀ ਵਿਕਟੋਰੀਆ
ਦੁਆਰਾ ਅਧਿਕਾਰਤ ਅਤੇ ਪ੍ਰਕਾਸ਼ਿਤ
200 Victoria Street, Carlton VIC 3053
**ਵੈੱਬਸਾਈਟ** epa.vic.gov.au | **ਫੋਨ** 1300 372 842 (1300 EPA VIC)

ਜੇ ਤੁਹਾਨੂੰ ਦੁਭਾਸ਼ੀਏ ਦੀ ਸਹਾਇਤਾ ਦੀ ਲੋੜ ਹੈ ਜਾਂ ਇਸ ਦਸਤਾਵੇਜ਼ ਦਾ ਅਨੁਵਾਦ ਕਰਵਾਉਣਾ ਚਾਹੁੰਦੇ ਹੋ, ਤਾਂ ਕਿਰਪਾ ਕਰਕੇ **131 450** ਉੱਤੇ ਫੋਨ ਕਰੋ ਅਤੇ ਆਪਣੀ ਤਰਜੀਹੀ ਭਾਸ਼ਾ ਦੱਸੋ।

ਜੇ ਤੁਸੀਂ ਬੋਲੇ ਹੋ, ਜਾਂ ਤੁਹਾਨੂੰ ਸੁਣਨ ਜਾਂ ਬੋਲਣ ਵਿੱਚ ਕਮਜ਼ੋਰੀ ਹੈ, ਤਾਂ ਨੈਸ਼ਨਲ ਰਿਲੇਅ ਸਰਵਿਸ ਰਾਹੀਂ ਸਾਡੇ ਨਾਲ ਸੰਪਰਕ ਕਰੋ। ਵਧੇਰੇ ਜਾਣਕਾਰੀ ਵਾਸਤੇ, ਇੱਥੇ ਜਾਓ: **www.relayservice.gov.au**

# ਵਾਜਬ ਤੌਰ 'ਤੇ ਵਿਹਾਰਕ

## ਵਿਸ਼ਾ-ਸੂਚੀ

ਸੰਖੇਪ ਜਾਣਕਾਰੀ ........ 3
ਇਹ ਕਿਵੇਂ ਨਿਰਧਾਰਤ ਕਰਨਾ ਹੈ ਕਿ ਵਾਜਬ ਤੌਰ ਤੇ ਵਿਹਾਰਕ ਕੀ ਹੈ ........ 4
1. ਪਹਿਲਾਂ ਖਤਮ ਕਰੋ ........ 7
ਜੇ ਮੈਂ ਆਪਣੇ ਖਤਰੇ ਨੂੰ ਖਤਮ ਨਹੀਂ ਕਰ ਸਕਦਾ/ਸਕਦੀ ਤਾਂ ਕੀ ਹੋਵੇਗਾ? ........ 8
2. ਸੰਭਾਵਨਾ ........ 8
3. ਦਰਜਾ (ਜਾਂ ਨਤੀਜਾ) ........ 9
4. ਖਤਰਿਆਂ ਬਾਰੇ ਗਿਆਨ ........ 10
5. ਮੌਜੂਦਗੀ ਅਤੇ ਢੁਕਵਾਂਪਣ ........ 11
6. ਲਾਗਤ ........ 13
ਵਾਜਬ ਤੌਰ ਤੇ ਵਿਹਾਰਕ ਸਮੇਂ ਦੇ ਨਾਲ ਵਿਕਸਤ ਹੋ ਸਕਦਾ ਹੈ ........ 14
ਉਪਲਬਧ ਸਰੋਤ ........ 15

## ਸੰਖੇਪ ਜਾਣਕਾਰੀ

ਵਿਕਟੋਰੀਆ ਵਿੱਚ, ਨਵੇਂ ਕਾਨੂੰਨ ਲਾਗੂ ਹੋਣਗੇ ਜੋ ਮਨੁੱਖੀ ਸਿਹਤ ਅਤੇ ਵਾਤਾਵਰਣ ਨੂੰ ਪ੍ਰਦੂਸ਼ਣ ਅਤੇ ਕੂੜੇ ਤੋਂ ਹੁੰਦੇ ਨੁਕਸਾਨ ਨੂੰ ਰੋਕਣ ਲਈ ਤਿਆਰ ਕੀਤੇ ਗਏ ਹਨ।

*ਵਾਤਾਵਰਣ ਸੁਰੱਖਿਆ ਕਾਨੂੰਨ 2017* (ਕਾਨੂੰਨ) [1] ਦੇ ਕੇਂਦਰ ਵਿੱਚ **ਆਮ ਵਾਤਾਵਰਣ ਕਰਤੱਵ** (GED) ਹੈ।

GED ਇੱਕ ਨਵੀਂ ਪਹੁੰਚ ਹੈ ਜੋ ਨੁਕਸਾਨ ਹੋਣ ਤੋਂ ਬਾਅਦ ਪ੍ਰਭਾਵਾਂ ਦਾ ਪ੍ਰਬੰਧ ਕਰਨ ਦੀ ਬਜਾਏ ਕੂੜੇ ਅਤੇ ਪ੍ਰਦੂਸ਼ਣ ਤੋਂ ਹੁੰਦੇ ਨੁਕਸਾਨ ਨੂੰ ਰੋਕਣ ਉੱਤੇ ਧਿਆਨ ਕੇਂਦ੍ਰਿਤ ਕਰਦੀ ਹੈ।

ਕਾਨੂੰਨ ਦੇ ਅਧੀਨ, ਤਿੰਨ ਕਰਤੱਵਾਂ ਵਾਸਤੇ ਤੁਹਾਨੂੰ ਉਹਨਾਂ ਖਤਰਿਆਂ ਨੂੰ ਘੱਟ ਤੋਂ ਘੱਟ ਕਰਨ ਜਾਂ ਜਵਾਬ ਦੇਣ ਦੀ ਲੋੜ ਹੁੰਦੀ ਹੈ ਜਿੱਥੋਂ ਤੱਕ ਵਾਜਬ ਤੌਰ ਤੇ ਵਿਹਾਰਕ ਹੈ।

ਇਹ ਸੇਧ ਉਹਨਾਂ ਵਿੱਚੋਂ ਦੋ ਕਰਤੱਵਾਂ ਉੱਤੇ ਕੇਂਦ੍ਰਿਤ ਹੋਵੇਗੀ, ਜੋ ਇਹ ਹਨ:

### ਆਮ ਵਾਤਾਵਰਣ ਕਰਤੱਵ[2]

GED ਦੀ ਲੋੜ ਹੈ ਕਿ '*ਕੋਈ ਵੀ ਵਿਅਕਤੀ ਜੋ ਕਿਸੇ ਅਜਿਹੀ ਗਤੀਵਿਧੀ ਵਿੱਚ ਸ਼ਾਮਲ ਹੋ ਰਿਹਾ ਹੈ ਜੋ ਮਨੁੱਖੀ ਸਿਹਤ ਜਾਂ ਪ੍ਰਦੂਸ਼ਣ ਜਾਂ ਕੂੜੇ ਤੋਂ ਵਾਤਾਵਰਣ ਨੂੰ ਨੁਕਸਾਨ ਪਹੁੰਚਾਉਣ ਦੇ ਖਤਰਿਆਂ ਨੂੰ ਜਨਮ ਦੇ ਸਕਦਾ ਹੈ, ਉਹਨਾਂ ਖਤਰਿਆਂ ਨੂੰ ਘੱਟ ਕਰਨਾ ਚਾਹੀਦਾ ਹੈ, ਜਿੱਥੋਂ ਤੱਕ ਵਾਜਬ ਤੌਰ ਉੱਤੇ ਵਿਹਾਰਕ ਹੈ*।

### ਦੂਸ਼ਿਤ ਜ਼ਮੀਨ ਦਾ ਪ੍ਰਬੰਧ ਕਰਨ ਦਾ ਫਰਜ਼[3]

ਜੇ ਤੁਹਾਡਾ ਦੂਸ਼ਿਤ ਜ਼ਮੀਨ ਉੱਤੇ ਕਬਜ਼ਾ ਹੈ ਤਾਂ ਤੁਹਾਨੂੰ '*ਮਨੁੱਖੀ ਸਿਹਤ ਅਤੇ ਵਾਤਾਵਰਣ ਨੂੰ ਨੁਕਸਾਨ ਪਹੁੰਚਾਉਣ ਦੇ ਖਤਰਿਆਂ ਨੂੰ ਹੁਣ ਤੱਕ ਵਾਜਬ ਤੌਰ ਉੱਤੇ ਵਿਹਾਰਕ ਹੋਣ ਤੱਕ ਘੱਟ ਤੋਂ ਘੱਟ ਕਰਨਾ ਚਾਹੀਦਾ ਹੈ*।

ਪ੍ਰਦੂਸ਼ਣ ਦੀ ਘਟਨਾ ਕਾਰਨ ਹੋਏ ਨੁਕਸਾਨ ਦਾ ਜਵਾਬ ਦੇਣ ਲਈ ਕਾਰਵਾਈ ਕਰਨ ਦੇ ਫਰਜ਼ ਲਈ ਤੁਹਾਨੂੰ [4] ਹੁਣ ਤੱਕ ਵਾਜਬ ਤੌਰ ਤੇ ਵਿਹਾਰਕ ਜਵਾਬ ਦੇਣ ਦੀ ਲੋੜ ਹੁੰਦੀ ਹੈ। ਇਹ ਵੱਖਰੀ ਸੇਧ ਦਾ ਵਿਸ਼ਾ ਹੋਵੇਗਾ।

---

[1] ਜਿਵੇਂ ਕਿ *ਵਾਤਾਵਰਣ ਸੁਰੱਖਿਆ ਸੋਧ ਕਾਨੂੰਨ 2018 ਦੁਆਰਾ ਸੋਧਿਆ ਗਿਆ ਹੈ*।

[2] *ਵਾਤਾਵਰਣ ਸੁਰੱਖਿਆ ਕਾਨੂੰਨ 2017* ਦੀ ਧਾਰਾ 25 (ਜਿਵੇਂ ਕਿ *ਵਾਤਾਵਰਣ ਸੁਰੱਖਿਆ ਸੋਧ ਕਾਨੂੰਨ 2018* ਦੁਆਰਾ ਸੋਧਿਆ ਗਿਆ ਹੈ)।


[3] *ਵਾਤਾਵਰਣ ਸੁਰੱਖਿਆ ਕਾਨੂੰਨ 2017* ਦੀ ਧਾਰਾ 39 (ਜਿਵੇਂ ਕਿ *ਵਾਤਾਵਰਣ ਸੁਰੱਖਿਆ ਸੋਧ ਕਾਨੂੰਨ 2018* ਦੁਆਰਾ ਸੋਧਿਆ ਗਿਆ ਹੈ)।

[4] *ਵਾਤਾਵਰਣ ਸੁਰੱਖਿਆ ਕਾਨੂੰਨ 2017* ਦੀ ਧਾਰਾ 31 (ਜਿਵੇਂ ਕਿ *ਵਾਤਾਵਰਣ ਸੁਰੱਖਿਆ ਸੋਧ ਕਾਨੂੰਨ 2018 ਦੁਆਰਾ ਸੋਧਿਆ ਗਿਆ ਹੈ*)।

# ਵਾਜਬ ਤੌਰ 'ਤੇ ਵਿਹਾਰਕ

## ਇਹ ਕਿਵੇਂ ਨਿਰਧਾਰਤ ਕਰਨਾ ਹੈ ਕਿ ਵਾਜਬ ਤੌਰ ਤੇ ਵਿਹਾਰਕ ਕੀ ਹੈ

ਜੋ **ਵਾਜਬ ਤੌਰ ਤੇ ਵਿਹਾਰਕ ਹੈ** ਉਸ ਨੂੰ ਕਰਨ ਦਾ ਮਤਲਬ ਇਹ ਹੈ ਕਿ *ਨੁਕਸਾਨ ਦੇ ਖਤਰੇ ਨੂੰ ਘੱਟ ਕਰਨ ਜਾਂ ਘੱਟ ਕਰਨ ਲਈ ਤੁਹਾਨੂੰ ਅਨੁਪਾਤੀ ਕੰਟਰੋਲਾਂ ਵਿੱਚ ਰੱਖਣਾ ਚਾਹੀਦਾ ਹੈ।*




**ਖਤਰੇ ਦੇ ਸਰੋਤ ਨੂੰ ਖਤਮ ਕਰਨ ਜਾਂ ਬਦਲਣ ਵਾਲੇ ਕੰਟਰੋਲ** ਸਭ ਤੋਂ ਪ੍ਰਭਾਵਸ਼ਾਲੀ ਹੁੰਦੇ ਹਨ, ਜਿਸ ਤੋਂ ਬਾਅਦ ਤਕਨੀਕੀ ਜਾਂ ਇਮਾਰਤੀ ਕੰਟਰੋਲ, ਅਤੇ ਅੰਤ ਵਿੱਚ ਸਿਖਲਾਈ ਅਤੇ ਜਗ੍ਹਾ ਦੇ ਅਭਿਆਸ ਆਉਂਦੇ ਹਨ। ਅਕਸਰ ਇਨ੍ਹਾਂ ਸਾਰੇ ਕੰਟਰੋਲਾਂ ਦੇ ਸੁਮੇਲ ਦੀ ਲੋੜ ਪਵੇਗੀ।




**ਅਨੁਪਾਤੀ** ਹੋਣ ਦਾ ਮਤਲਬ ਹੈ ਨੁਕਸਾਨ ਦਾ ਖਤਰਾ ਜਿੰਨਾਂ ਜ਼ਿਆਦਾ ਹੁੰਦਾ ਹੈ, ਤੁਹਾਡੇ ਲਈ ਇਸ ਦਾ ਪ੍ਰਬੰਧ ਕਰਨ ਦੀ ਉਮੀਦ ਓਨੀ ਹੀ ਜ਼ਿਆਦਾ ਹੁੰਦੀ ਹੈ। ਤੁਸੀਂ ਇਹ ਦਿਖਾ ਕੇ ਅਜਿਹਾ ਕਰਦੇ ਹੋ ਕਿ ਤੁਸੀਂ ਸਭ ਤੋਂ ਢੁਕਵੇਂ ਕੰਟਰੋਲਾਂ ਉੱਤੇ ਵਿਚਾਰ ਕੀਤਾ ਹੈ ਅਤੇ ਲਾਗੂ ਕੀਤਾ ਹੈ ਜੋ ਨੁਕਸਾਨ ਨੂੰ ਖਤਮ ਕਰਨ ਜਾਂ ਘੱਟ ਕਰਨ ਲਈ ਉਪਲਬਧ ਹਨ।

# ਵਾਜਬ ਤੌਰ 'ਤੇ ਵਿਹਾਰਕ

ਜਦੋਂ ਤੁਸੀਂ ਕਿਸੇ ਆਮ ਖਤਰੇ ਜਾਂ ਨੁਕਸਾਨ ਨਾਲ ਨਜਿੱਠ ਰਹੇ ਹੁੰਦੇ ਹੋ, ਤਾਂ ਤੁਸੀਂ ਅਕਸਰ ਦਿਖਾ ਸਕਦੇ ਹੋ ਕਿ ਤੁਸੀਂ ਉਹ ਕੀਤਾ ਹੈ ਜੋ ਵਾਜਬ ਤੌਰ ਉੱਤੇ ਵਿਹਾਰਕ ਹੈ ਜੇਕਰ:

- ਤੁਸੀਂ ਖਤਰੇ ਨੂੰ ਖਤਮ ਕਰਨ ਜਾਂ ਪ੍ਰਬੰਧ ਕਰਨ ਲਈ ਚੰਗੀ ਤਰ੍ਹਾਂ ਸਥਾਪਤ ਪ੍ਰਭਾਵਸ਼ਾਲੀ ਅਭਿਆਸਾਂ ਜਾਂ ਕੰਟਰੋਲਾਂ ਨੂੰ ਅਪਣਾਇਆ ਹੈ; ਅਤੇ/ਜਾਂ
- ਜਿੱਥੇ ਚੰਗੀ ਤਰ੍ਹਾਂ ਸਥਾਪਤ ਅਭਿਆਸ ਜਾਂ ਕੰਟਰੋਲ ਮੌਜੂਦ ਨਹੀਂ ਹਨ, ਤੁਸੀਂ ਦਿਖਾਉਂਦੇ ਹੋ ਕਿ ਤੁਸੀਂ ਪ੍ਰਭਾਵਸ਼ਾਲੀ ਕੰਟਰੋਲਾਂ ਦਾ ਮੁਲਾਂਕਣ ਕੀਤਾ ਹੈ ਅਤੇ ਅਪਣਾਇਆ ਹੈ।

ਉਦਾਹਰਣ ਲਈ, ਵਾਤਾਵਰਣ ਲਈ ਇਕ ਆਮ ਖਤਰਾ ਤੇਲ ਦੇ ਇੱਕ ਡੱਬੇ ਤੋਂ ਤੇਲ ਦਾ ਡੁੱਲ੍ਹਣਾ ਹੈ। ਖਤਰੇ ਅਤੇ ਢੁਕਵੇਂ ਕੰਟਰੋਲਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਜੋ ਨੁਕਸਾਨ ਨੂੰ ਖਤਮ ਕਰਨ ਜਾਂ ਘੱਟ ਕਰਨ ਲਈ ਉਪਲਬਧ ਹੋ ਸਕਦੇ ਹਨ, ਦਾ ਮਤਲਬ ਹੈ ਕਿ ਤੁਸੀਂ ਅਜਿਹੇ ਮਾਮਲਿਆਂ ਉੱਤੇ ਵਿਚਾਰ ਕਰ ਸਕਦੇ ਹੋ ਜਿਵੇਂ ਕਿ:




EPA ਅਤੇ ਉਦਯੋਗ ਤੋਂ ਸੇਧ ਤੁਹਾਨੂੰ ਇਹ ਲੱਭਣ ਵਿੱਚ ਮਦਦ ਕਰ ਸਕਦੀ ਹੈ:

- ਆਮ, ਪ੍ਰਭਾਵਸ਼ਾਲੀ ਅਭਿਆਸ
- ਖਤਰਿਆਂ ਦਾ ਮੁਲਾਂਕਣ ਕਰਨ ਲਈ ਪੜਾਅ
- ਖਤਰੇ ਨੂੰ ਖਤਮ ਕਰਨ ਜਾਂ ਪ੍ਰਬੰਧ ਕਰਨ ਲਈ ਕੰਟਰੋਲ।

ਕੁਝ ਮਾਮਲਿਆਂ ਵਿੱਚ, ਤੁਹਾਨੂੰ ਆਪਣੇ ਖਤਰੇ ਨੂੰ ਕਾਬੂ ਕਰਨ ਲਈ ਹੋਰ ਵਿਕਲਪਾਂ ਦੀ ਤਲਾਸ਼ ਕਰਨ ਦੀ ਲੋੜ ਪੈ ਸਕਦੀ ਹੈ। ਜਿੱਥੇ EPA ਜਾਂ ਉਦਯੋਗ ਵੱਲੋਂ ਸੇਧ ਉਪਲਬਧ ਨਹੀਂ ਹੈ ਜਾਂ ਜਿੱਥੇ ਕਈ ਤਰ੍ਹਾਂ ਦੀਆਂ ਪਹੁੰਚਾਂ ਪ੍ਰਭਾਵਸ਼ਾਲੀ ਹੋ ਸਕਦੀਆਂ ਹਨ, ਉੱਥੇ ਅਗਲੇਰੀ ਸਲਾਹ ਲਓ।

ਆਪਣੇ ਖਤਰਿਆਂ ਅਤੇ ਉਹਨਾਂ ਦਾ ਪ੍ਰਬੰਧ ਕਰਨ ਲਈ ਸਹੀ ਪਹੁੰਚ ਨੂੰ ਸਮਝਣਾ ਹਮੇਸ਼ਾਂ ਤੁਹਾਡੀ ਜ਼ਿੰਮੇਵਾਰੀ ਹੁੰਦੀ ਹੈ।

# ਵਾਜਬ ਤੌਰ 'ਤੇ ਵਿਹਾਰਕ

ਇਹ ਨਿਰਧਾਰਤ ਕਰਨ ਲਈ ਕਿ ਵਾਜਬ ਤੌਰ ਤੇ ਕੀ ਵਿਹਾਰਕ ਹੈ, ਤੁਹਾਡੀਆਂ ਗਤੀਵਿਧੀਆਂ, ਪ੍ਰਦੂਸ਼ਣ ਦੀ ਘਟਨਾ, ਜਾਂ ਦੂਸ਼ਿਤ ਜ਼ਮੀਨ ਤੋਂ ਖਤਰੇ ਜਾਂ ਨੁਕਸਾਨ ਦੇ ਪੱਧਰ ਜਾਂ ਪੈਮਾਨੇ ਉੱਤੇ ਵਿਚਾਰ ਕਰਨਾ ਮਹੱਤਵਪੂਰਣ ਹੈ।

ਇਹ ਦਿਖਾਉਣ ਲਈ ਕਿ ਤੁਸੀਂ ਇਸ ਬਾਰੇ ਸੋਚਿਆ ਹੈ ਕਿ ਵਾਜਬ ਤੌਰ ਤੇ ਵਿਹਾਰਕ ਕੀ ਹੈ, ਇਹਨਾਂ **ਛੇ ਕਾਰਕਾਂ** ਉੱਤੇ ਵਿਚਾਰ ਕਰੋ:

1. **ਪਹਿਲਾਂ ਖਤਮ ਕਰੋ:** ਕੀ ਤੁਸੀਂ ਖਤਰੇ ਨੂੰ ਖਤਮ ਕਰ ਸਕਦੇ ਹੋ?
2. **ਸੰਭਾਵਨਾ:** ਨੁਕਸਾਨ ਹੋਣ ਦੀ ਕੀ ਸੰਭਾਵਨਾ ਹੈ?
3. **ਦਰਜਾ (ਨਤੀਜਾ):** ਮਨੁੱਖੀ ਸਿਹਤ ਜਾਂ ਵਾਤਾਵਰਣ ਉੱਤੇ ਨੁਕਸਾਨ ਕਿੰਨਾ ਗੰਭੀਰ ਹੋ ਸਕਦਾ ਹੈ?
4. **ਖਤਰਿਆਂ ਬਾਰੇ ਤੁਹਾਡਾ ਗਿਆਨ:** ਤੁਸੀਂ ਕੀ ਜਾਣਦੇ ਹੋ, ਜਾਂ ਤੁਸੀਂ ਆਪਣੀਆਂ ਗਤੀਵਿਧੀਆਂ ਦੇ ਖਤਰਿਆਂ ਬਾਰੇ ਕੀ ਪਤਾ ਲਗਾ ਸਕਦੇ ਹੋ?
5. **ਮੌਜੂਦਗੀ ਅਤੇ ਢੁਕਵਾਂਪਣ:** ਖਤਰੇ ਨੂੰ ਕਾਬੂ ਕਰਨ ਲਈ ਕਿਹੜੀ ਤਕਨਾਲੋਜੀ, ਪ੍ਰਕਿਰਿਆਵਾਂ ਜਾਂ ਸਾਜ਼ੋ-ਸਾਮਾਨ ਉਪਲਬਧ ਹਨ? ਤੁਹਾਡੇ ਹਾਲਾਤਾਂ ਵਿੱਚ ਕਿਹੜੇ ਕੰਟਰੋਲ ਵਰਤਣ ਲਈ ਢੁਕਵੇਂ ਹਨ?
6. **ਲਾਗਤ:** ਖਤਰੇ ਨੂੰ ਘਟਾਉਣ ਵਿੱਚ ਕਿੰਨਾ ਪ੍ਰਭਾਵਸ਼ਾਲੀ ਹੋਵੇਗਾ, ਇਸ ਦੇ ਮੁਕਾਬਲੇ ਕਾਬੂ ਕਰਨ ਉਪਰ ਕਿੰਨੀ ਕੁ ਲਾਗਤ ਖਰਚ ਕੀਤੀ ਜਾਂਦੀ ਹੈ?

ਤੁਹਾਨੂੰ ਇਹਨਾਂ ਕਾਰਕਾਂ ਉੱਤੇ ਇਕੱਠਿਆਂ ਵਿਚਾਰ ਕਰਨ ਦੀ ਲੋੜ ਹੈ ਕਿਉਂਕਿ ਇਹ ਨਿਰਧਾਰਤ ਕਰਨ ਵਿੱਚ ਤੁਹਾਡੀ ਮਦਦ ਕਰਨਗੇ ਕਿ ਤੁਹਾਡੇ ਖਤਰਿਆਂ ਨੂੰ ਕਾਬੂ ਕਰਨ ਲਈ ਵਾਜਬ ਤੌਰ ਤੇ ਕੀ ਵਿਹਾਰਕ ਹੈ।

## 1. ਪਹਿਲਾਂ ਖਤਮ ਕਰੋ




**ਕੰਟਰੋਲਾਂ ਦੀ ਦਰਜ਼ਾਬੰਦੀ**

ਖਤਰੇ ਨੂੰ ਸਭ ਤੋਂ ਵੱਧ ਘਟਾਉਣ ਵਾਲੇ ਉਪਾਵਾਂ ਨੂੰ ਦੂਸਰੇ ਉਪਾਵਾਂ ਨਾਲੋਂ ਤਰਜੀਹ ਦਿੱਤੀ ਜਾਂਦੀ ਹੈ ਜੋ ਖਤਰਿਆਂ ਨੂੰ ਘਟਾਉਣ ਵਿੱਚ ਘੱਟ ਪ੍ਰਭਾਵਸ਼ਾਲੀ ਹੁੰਦੇ ਹਨ।

1. ਖਤਰੇ ਨੂੰ ਖਤਮ ਕਰਨ ਲਈ ਸੰਕਟ ਨੂੰ ਖਤਮ ਕਰੋ - ਇਹ ਸਭ ਤੋਂ ਪ੍ਰਭਾਵਸ਼ਾਲੀ ਕੰਟਰੋਲ ਹੈ।
2. ਸੰਕਟ ਲਈ ਬਦਲਵੇਂ ਜਾਂ ਭੌਤਿਕ ਤਕਨੀਕੀ ਕੰਟਰੋਲਾਂ ਰਾਹੀਂ ਖਤਰਿਆਂ ਨੂੰ ਘੱਟ ਕਰੋ।
3. ਅੰਤ ਵਿੱਚ, ਪ੍ਰਕਿਰਿਆਵਾਂ ਅਤੇ ਸਿਖਲਾਈ ਵਰਗੇ ਪ੍ਰਸ਼ਾਸਕੀ ਕੰਟਰੋਲਾਂ ਰਾਹੀਂ ਲੋਕਾਂ ਦੇ ਵਿਵਹਾਰ ਨੂੰ ਬਦਲੋ, ਅਤੇ ਨਿੱਜੀ ਰੱਖਿਆਤਮਕ ਸਾਜ਼ੋ-ਸਾਮਾਨ (PPE) ਦੀ ਵਰਤੋਂ ਕਰੋ।

ਇਸ ਗੱਲ ਉੱਤੇ ਵਿਚਾਰ ਕਰਕੇ ਸ਼ੁਰੂਆਤ ਕਰੋ ਕਿ ਤੁਸੀਂ ਖਤਰਿਆਂ ਨੂੰ ਕਿਵੇਂ ਖਤਮ ਕਰ ਸਕਦੇ ਹੋ। ਇਹ ਸਭ ਤੋਂ ਪਹਿਲਾਂ ਖਤਰੇ ਦੇ ਸਰੋਤ ਨੂੰ ਹਟਾਉਣ ਲਈ ਤੁਹਾਡੀਆਂ ਗਤੀਵਿਧੀਆਂ ਨੂੰ ਮੁੜ-ਡਿਜ਼ਾਈਨ ਕਰਕੇ ਪ੍ਰਾਪਤ ਕੀਤਾ ਜਾ ਸਕਦਾ ਹੈ।

*ਉਦਾਹਰਣ ਲਈ- ਅਹਿਮਦ ਗੱਡੀਆਂ ਦੀ ਮੁਰੰਮਤ ਦੀ ਦੁਕਾਨ ਚਲਾਉਂਦਾ ਹੈ। ਅਹਿਮਦ ਦੀਆਂ ਗਤੀਵਿਧੀਆਂ ਵਿੱਚ ਉਨ੍ਹਾਂ ਕਾਰਾਂ ਵਿੱਚ ਇੰਜਣ ਦਾ ਤੇਲ ਬਦਲਣਾ ਸ਼ਾਮਲ ਹੈ ਜਿਨ੍ਹਾਂ ਦੀ ਉਹ ਰੋਜ਼ਾਨਾ ਸਰਵਿਸ ਕਰਦਾ ਹੈ। ਇਸ ਗਤੀਵਿਧੀ ਨੂੰ ਕਰਨ ਲਈ, ਮੁਰੰਮਤ ਦੀ ਦੁਕਾਨ ਆਪਣੇ ਵਿੱਚ ਨਵੇਂ (ਅਣਵਰਤੇ) ਅਤੇ ਰਹਿੰਦ-ਖੂੰਹਦ (ਵਰਤੇ ਗਏ) ਇੰਜਣ ਵਾਲੇ ਤੇਲ, ਦੋਵਾਂ ਨੂੰ ਸਟੋਰ ਕਰਦੀ ਹੈ। ਸਟੋਰ ਕੀਤੀ ਮਾਤਰਾ ਉਸ ਦੇ ਬਕਾਇਦਾ ਆਉਣ ਵਾਲੇ ਗਾਹਕਾਂ ਦੀ ਸੇਵਾ ਕਰ ਸਕਦੀ ਹੈ।*

*ਅਹਿਮਦ ਅਤੇ ਉਸ ਦੇ ਕਰਮਚਾਰੀ ਸਾਰਾ ਦਿਨ ਬਕਾਇਦਾ ਨਵੇਂ ਤੇਲ ਦੀ ਵਰਤੋਂ ਕਰਦੇ ਹਨ। ਉਹ ਮਹਿਸੂਸ ਨਹੀਂ ਕਰਦਾ ਹੈ ਕਿ ਤੇਲ ਦੀ ਸੰਭਾਲ ਨੂੰ* ***ਖਤਮ*** *ਕਰਨਾ, ਜਾਂ ਦੁਕਾਨ ਵਿੱਚ ਸਟੋਰ ਕੀਤੀ ਗਈ ਮਾਤਰਾ ਨੂੰ ਘਟਾਉਣਾ ਵਾਜਬ ਤੌਰ ਤੇ ਵਿਹਾਰਕ ਹੈ। ਅਹਿਮਦ ਸਿਰਫ ਵਰਤੇ ਹੋਏ ਇੰਜਣ ਵਾਲੇ ਤੇਲ ਨੂੰ ਅਸਥਾਈ ਤੌਰ ਉੱਤੇ ਦੁਕਾਨ ਵਿੱਚ ਸਟੋਰ ਕਰਦਾ ਹੈ। ਉਸਨੇ ਵਰਤੇ ਹੋਏ ਤੇਲ ਨੂੰ ਲਿਜਾਣ ਲਈ ਇੱਕ ਢੁਕਵੀਂ ਕੂੜੇ ਵਾਲੀ ਆਵਾਜਾਈ ਕੰਪਨੀ ਨੂੰ ਲਾਇਆ ਹੋਇਆ ਹੈ ਜਿੱਥੇ ਇਹ ਕਾਨੂੰਨੀ ਤੌਰ ਤੇ ਜਮ੍ਹਾਂ ਹੋਣ ਦੇ ਯੋਗ ਹੈ।*

*ਜਿਵੇਂ ਕਿ ਅਹਿਮਦ ਨੂੰ ਤੇਲ ਨੂੰ ਦੁਕਾਨ ਵਿੱਚ ਸਟੋਰ ਕਰਨਾ ਪੈਂਦਾ ਹੈ, ਉਹ ਨਵੇਂ ਅਤੇ ਵਰਤੇ ਹੋਏ ਤੇਲ ਨੂੰ ਸਟੋਰ ਕਰਨ ਵਾਲੇ ਖਤਰਿਆਂ ਨੂੰ* ***ਖਤਮ*** *ਨਹੀਂ ਕਰ ਸਕਦਾ। ਅਹਿਮਦ ਨੂੰ ਹੁਣ ਇਸ ਗੱਲ ਉੱਤੇ ਵਿਚਾਰ ਕਰਨਾ ਚਾਹੀਦਾ ਹੈ ਕਿ ਉਹ ਕਿਹੜੇ ਕੰਟਰੋਲ ਲਾਗੂ ਕਰ ਸਕਦਾ ਹੈ ਜੋ ਖਤਰਿਆਂ ਨੂੰ ਘੱਟ ਕਰਨਗੇ, ਜਿੱਥੋਂ ਤੱਕ ਵਾਜਬ ਤੌਰ ਤੇ ਵਿਹਾਰਕ ਹੈ।*

ਖਤਰੇ ਨੂੰ ਖਤਮ ਕਰਨ ਦੇ ਤਰੀਕਿਆਂ ਦੀ ਪਛਾਣ ਕਰਨਾ ਸਰਗਰਮੀ ਸ਼ੁਰੂ ਕਰਨ ਤੋਂ *ਪਹਿਲਾਂ* ਸਭ ਤੋਂ ਵਧੀਆ ਤਰੀਕੇ ਨਾਲ ਕੀਤਾ ਜਾਂਦਾ ਹੈ ਅਤੇ ਡਿਜ਼ਾਈਨ ਦੌਰਾਨ ਖਤਰੇ ਨੂੰ ਖਤਮ ਕਰਨ ਦੇ ਕਿਹੜੇ ਮੌਕਿਆਂ ਦੀ ਵਰਤੋਂ ਕਰਨੀ ਪੈਂਦੀ ਹੈ।

### ਜੇ ਮੈਂ ਆਪਣੇ ਖਤਰੇ ਨੂੰ ਖਤਮ ਨਹੀਂ ਕਰ ਸਕਦਾ/ਸਕਦੀ ਤਾਂ ਕੀ ਹੋਵੇਗਾ?

ਜੇ ਖਤਰਿਆਂ ਨੂੰ ਖਤਮ ਕਰਨਾ ਵਾਜਬ ਤੌਰ ਉੱਤੇ ਵਿਹਾਰਕ ਨਹੀਂ ਹੈ, ਤਾਂ ਤੁਹਾਨੂੰ ਲਾਜ਼ਮੀ ਤੌਰ ਤੇ ਵਿਚਾਰ ਕਰਨਾ ਚਾਹੀਦਾ ਹੈ ਕਿ ਤੁਸੀਂ ਖਤਰਿਆਂ ਨੂੰ ਕਿਵੇਂ ਘਟਾ ਸਕਦੇ ਹੋ।

ਪੰਨਾ 7 ਦੇ ਦ੍ਰਿਸ਼ ਵਿੱਚ, ਅਹਿਮਦ ਇਸ ਗੱਲ ਉੱਤੇ ਵਿਚਾਰ ਕਰਕੇ ਆਪਣੇ ਖਤਰਿਆਂ ਨੂੰ ਘਟਾ ਸਕਦਾ ਹੈ ਕਿ ਉਸਦੀ ਮੁਰੰਮਤ ਦੀ ਦੁਕਾਨ ਵਿੱਚ ਤੇਲ ਦੀ ਵਰਤੋਂ ਕਿੱਥੇ ਅਤੇ ਕਿਵੇਂ ਕੀਤੀ ਜਾਂਦੀ ਹੈ ਅਤੇ ਕਿੱਥੇ ਸਟੋਰ ਕੀਤਾ ਜਾਂਦਾ ਹੈ।

ਕੰਟਰੋਲਾਂ ਦੀ ਦਰਜ਼ਾਬੰਦੀ ਦਾ ਹਵਾਲਾ ਲਓ ਅਤੇ ਇਸ ਨੂੰ ਆਪਣੀ ਜਗ੍ਹਾ ਵਿੱਚ ਲਾਗੂ

ਕਰੋ। ਕੰਟਰੋਲਾਂ ਦੀ ਦਰਜ਼ਾਬੰਦੀ ਨੂੰ ਲਾਗੂ ਕਰਨ ਲਈ, ਇਹਨਾਂ ਕਾਰਕਾਂ ਉੱਤੇ ਵਿਚਾਰ

ਕਰੋ:

#### 2. ਸੰਭਾਵਨਾ




ਨੁਕਸਾਨ ਹੋਣ ਦੀ **ਸੰਭਾਵਨਾ** ਜਾਂ ਮੌਕੇ ਉੱਤੇ ਵਿਚਾਰ ਕਰੋ। ਸੰਭਾਵਨਾ ਜਿੰਨੀ ਜ਼ਿਆਦਾ ਹੁੰਦੀ ਹੈ, ਜਦੋਂ ਇਹ ਪਤਾ ਲਗਾਉਣਾ ਹੋਵੇ ਕਿ ਵਾਜਬ ਤੌਰ ਉੱਤੇ ਵਿਹਾਰਕ ਕੀ ਹੈ, ਉਸ ਦੀ ਮਹੱਤਤਾ ਓਨੀ ਹੀ ਜ਼ਿਆਦਾ ਹੁੰਦੀ ਹੈ। ਤੁਸੀਂ ਵਿਚਾਰ ਕਰਕੇ ਸੰਭਾਵਨਾ ਜਾਂ ਮੌਕੇ ਨੂੰ ਸਮਝ ਸਕਦੇ ਹੋ :

- ਗਤੀਵਿਧੀ ਜੋ ਖਤਰੇ ਨੂੰ ਪੈਦਾ ਕਰਦੀ ਹੈ, ਉਹ ਕਿੰਨੀ ਵਾਰ ਵਾਪਰਦੀ ਹੈ
- ਕੀ ਤੁਹਾਡੀ ਜਗ੍ਹਾ ਵਿੱਚ ਪਹਿਲਾਂ ਕੋਈ ਘਟਨਾ ਵਾਪਰੀ ਹੈ
- ਕੀ ਨੁਕਸਾਨ ਹੋਰ ਜਗ੍ਹਾਵਾਂ ਵਿੱਚ ਆਮ ਤੌਰ ਤੇ ਹੋਇਆ ਹੈ
- ਸਪਲਾਈ ਕਰਨ ਵਾਲਿਆਂ ਜਾਂ ਨਿਰਮਾਤਾਵਾਂ ਤੋਂ ਜਾਣਕਾਰੀ।

ਜੇ ਨੁਕਸਾਨ ਹੋਣ ਦੀ ਵਧੇਰੇ ਸੰਭਾਵਨਾ ਹੈ, ਤਾਂ ਤੁਹਾਨੂੰ ਖਤਰੇ ਨੂੰ ਖਤਮ ਕਰਨ ਜਾਂ ਘੱਟ ਕਰਨ ਉੱਤੇ ਵਧੇਰੇ ਧਿਆਨ ਕੇਂਦਰਿਤ ਕਰਨ ਦੀ ਲੋੜ ਪਵੇਗੀ।

*ਉਦਾਹਰਣ: ਅਹਿਮਦ ਦੀ ਕੰਮ ਦੀ ਜਗ੍ਹਾ ਵਿੱਚ, ਨਵੇਂ ਅਤੇ ਵਰਤੇ ਹੋਏ ਇੰਜਣ ਵਾਲੇ ਤੇਲ, ਇਸ ਸਮੇਂ ਮੀਂਹ ਵਾਲੇ ਨਾਲੇ ਦੀ ਮੋਰੀ ਦੇ ਨੇੜੇ ਸਟੋਰ ਕੀਤੇ ਗਏ ਹਨ। ਉਹ ਜ਼ਿਆਦਾ ਆਵਾਜਾਈ ਵਾਲੇ ਖੇਤਰ ਦੇ ਨੇੜੇ ਵੀ ਹਨ ਜਿੱਥੇ ਸਰਵਿਸ ਕੀਤੇ ਜਾਣ ਦੀ ਉਡੀਕ ਕਰ ਰਹੀਆਂ ਕਾਰਾਂ ਖੜ੍ਹੀਆਂ ਹਨ। ਕਰਮਚਾਰੀ ਅਕਸਰ ਇਸ ਖੇਤਰ ਵਿੱਚ ਗੱਡੀਆਂ ਨੂੰ ਹਿਲਾਉਂਦੇ ਹਨ। ਨਾਲ ਹੀ, ਇਕ ਕਰਮਚਾਰੀ ਦਿਨ ਵਿੱਚ ਕਈ ਵਾਰ ਮੀਂਹ ਵਾਲੇ ਨਾਲੇ ਦੀ ਮੋਰੀ ਤੋਂ ਅੱਗੇ ਵਰਤੇ ਹੋਏ ਟੈਂਕ ਤੱਕ ਵਰਤਿਆ ਹੋਇਆ ਤੇਲ ਲੈ ਕੇ ਜਾਂਦਾ ਹੈ।*

*ਅਹਿਮਦ ਜਾਣਦਾ ਹੈ ਕਿ ਕਿਉਂਕਿ ਇੰਜਣ ਵਾਲੇ ਤੇਲ ਜ਼ਿਆਦਾ ਆਵਾਜਾਈ ਵਾਲੇ ਖੇਤਰ ਦੇ ਨੇੜੇ ਸਟੋਰ ਕੀਤੇ ਜਾਂਦੇ ਹਨ, ਇਸ ਲਈ ਗੱਡੀ ਦੀ ਠੋਕਰ ਦੇ ਸਪੱਸ਼ਟ ਖਤਰੇ ਨੂੰ ਦੇਖਦੇ ਹੋਏ ਡੁੱਲ੍ਹਣ ਦੀ ਵਧੇਰੇ **ਸੰਭਾਵਨਾ** ਹੁੰਦੀ ਹੈ, ਜਿਸ ਨਾਲ ਡੁੱਲ੍ਹਣਾ ਜਾਂ ਰਿਸਣਾ ਸ਼ੁਰੂ ਹੋ ਸਕਦਾ ਹੈ। ਉਹ ਇਹ ਵੀ ਜਾਣਦਾ ਹੈ ਕਿ ਹਰ ਰੋਜ਼ ਕਈ ਵਾਰ ਵਰਤੇ ਹੋਏ ਤੇਲ ਨੂੰ ਸੰਭਾਲਣ ਦੇ ਮੱਦੇਨਜ਼ਰ, ਵਰਤੇ ਹੋਏ ਤੇਲ ਨੂੰ ਡੁੱਲ੍ਹਣ ਦਾ ਖਤਰਾ ਹੈ।*

*ਵਧੇਰੇ ਸੰਭਾਵਨਾ ਵਾਲੀਆਂ ਜਗ੍ਹਾਵਾਂ ਨੂੰ ਖਤਰੇ ਘਟਾਉਣ ਵਿੱਚ ਵਧੇਰੇ ਕੋਸ਼ਿਸ਼ ਕਰਨ ਦੀ ਲੋੜ ਪਵੇਗੀ - ਇਹ ਵੇਖਣ ਤੋਂ ਸ਼ੁਰੂ ਕਰਕੇ ਕਿ ਕੀ ਖਤਰੇ (ਡੁੱਲ੍ਹਣ ਦਾ ਕਾਰਨ ਬਣਨ ਵਾਲੀਆਂ ਗੱਡੀਆਂ ਤੋਂ ਠੋਕਰ) ਨੂੰ ਖਤਮ ਕੀਤਾ ਜਾ ਸਕਦਾ ਹੈ ਜਾਂ ਘਟਾਇਆ ਜਾ ਸਕਦਾ ਹੈ।*

### 3. ਦਰਜ਼ਾ (ਜਾਂ ਨਤੀਜਾ)




ਨੁਕਸਾਨ ਦੇ **ਦਰਜ਼ੇ** (ਜਾਂ ਨਤੀਜੇ ਜਾਂ ਲੋਕਾਂ ਜਾਂ ਵਾਤਾਵਰਣ ਉੱਤੇ ਪ੍ਰਭਾਵ) ਉੱਤੇ ਵਿਚਾਰ ਕਰੋ। ਜੇ ਨੁਕਸਾਨ ਦਾ ਪ੍ਰਭਾਵ ਵਧੇਰੇ ਹੈ, ਤਾਂ ਤੁਹਾਨੂੰ ਖਤਰੇ ਨੂੰ ਖਤਮ ਕਰਨ ਜਾਂ ਘਟਾਉਣ ਉੱਤੇ ਵਧੇਰੇ ਧਿਆਨ ਕੇਂਦਰਿਤ ਕਰਨ ਦੀ ਲੋੜ ਪਵੇਗੀ।

ਨੁਕਸਾਨ ਦੇ ਦਰਜ਼ੇ ਖਾਸ ਤੌਰ ਤੇ ਸੰਵੇਦਨਸ਼ੀਲ ਵਾਤਾਵਰਣਾਂ ਵਿੱਚ ਵਧੇਰੇ ਮਹੱਤਵ ਰੱਖਦੇ ਹਨ, ਜਿਵੇਂ ਕਿ ਜਦੋਂ ਤੁਸੀਂ ਗੁਆਂਢੀਆਂ ਜਾਂ ਇਕ ਖਾੜੀ ਦੇ ਨੇੜੇ ਹੁੰਦੇ ਹੋ। ਹਾਲਾਂਕਿ, ਕਾਨੂੰਨ ਦੇ ਅਧੀਨ, ਨੁਕਸਾਨ ਵਿੱਚ ਵਾਤਾਵਰਣ ਉੱਤੇ ਕਿਸੇ ਵੀ ਦਰਜ਼ੇ ਜਾਂ ਮਿਆਦ ਦਾ ਕੋਈ ਮਾੜਾ ਪ੍ਰਭਾਵ ਸ਼ਾਮਲ ਹੈ। ਇਸ ਵਿੱਚ ਅਜਿਹੇ ਪ੍ਰਭਾਵ ਸ਼ਾਮਲ ਹਨ ਜੋ ਸਮੇਂ ਦੇ ਨਾਲ ਜੁੜਦੇ ਜਾਂਦੇ ਹਨ (ਜਿਸ ਨੂੰ "ਸਮੂਹਿਕ" ਪ੍ਰਭਾਵਾਂ ਵਜੋਂ ਜਾਣਿਆ ਜਾਂਦਾ ਹੈ)। ਇੱਥੋਂ ਤੱਕ ਕਿ ਜਿੱਥੇ ਤੁਸੀਂ ਉਦਯੋਗਿਕ ਹਾਲਾਤਾਂ ਵਿੱਚ ਹੋ, ਵਾਤਾਵਰਣ ਜਾਂ ਮਨੁੱਖੀ ਸਿਹਤ ਮਾਮਲੇ ਨੂੰ ਸੰਭਾਵਿਤ ਨੁਕਸਾਨ ਦੇ ਸਾਰੇ ਪੱਧਰਾਂ ਉੱਤੇ ਵਿਚਾਰ ਕੀਤਾ ਜਾਣਾ ਚਾਹੀਦਾ ਹੈ।

*ਉਦਾਹਰਣ: ਅਹਿਮਦ ਦੀ ਕੰਮ ਦੀ ਜਗ੍ਹਾ ਵਿੱਚ, ਇੰਜਣ ਵਾਲੇ ਤੇਲ, ਇਸ ਸਮੇਂ ਮੀਂਹ ਵਾਲੇ ਨਾਲੇ ਦੀ ਮੋਰੀ ਦੇ ਨੇੜੇ ਸਟੋਰ ਕੀਤੇ ਗਏ ਹਨ। ਇਹ ਉਸ ਖੇਤਰ ਵਿੱਚ ਹੈ ਜਿੱਥੇ ਉਸ ਦੇ ਕਰਮਚਾਰੀ ਅਕਸਰ ਲੰਘਦੇ ਹਨ। ਇਹ ਵਾਤਾਵਰਣ ਅਤੇ ਮਨੁੱਖੀ ਸਿਹਤ ਲਈ ਖਤਰਾ ਪੈਦਾ ਕਰਦਾ ਹੈ।*

*ਅਹਿਮਦ ਜਾਣਦਾ ਹੈ ਕਿ ਇੰਜਣ ਵਾਲੇ ਤੇਲ ਨੂੰ ਬਦਲਣ ਦੀ ਲੋੜ ਹੈ, ਕਿਉਂਕਿ ਇਹ ਇੰਜਣਾਂ ਅਤੇ ਟ੍ਰਾਂਸਮਿਸ਼ਨਾਂ ਵਿੱਚ ਵਰਤੇ ਜਾਣ ਸਮੇਂ ਕਈ ਤਰ੍ਹਾਂ ਦੇ ਖਤਰਨਾਕ ਦੂਸ਼ਿਤ ਪਦਾਰਥਾਂ ਨੂੰ ਚੁੱਕਦਾ ਹੈ। ਇਨ੍ਹਾਂ ਦੂਸ਼ਿਤ ਪਦਾਰਥਾਂ ਵਿੱਚ ਭਾਰੀ ਧਾਤਾਂ ਅਤੇ ਹਾਈਡਰੋਕਾਰਬਨ ਸ਼ਾਮਲ ਹਨ। ਜੇ ਵਰਤਿਆ ਹੋਇਆ ਇੰਜਣ ਦੇ ਤੇਲ ਅਤੇ ਇਸ ਵਿੱਚ ਸ਼ਾਮਲ ਦੂਸ਼ਿਤ ਪਦਾਰਥਾਂ ਨੂੰ ਅਣਉਚਿਤ ਤਰੀਕੇ ਨਾਲ ਸਟੋਰ ਕੀਤਾ ਜਾਂਦਾ ਹੈ ਅਤੇ ਵਾਤਾਵਰਣ ਵਿੱਚ ਰਿਸ ਜਾਣ ਦੀ ਆਗਿਆ ਦਿੱਤੀ ਜਾਂਦੀ ਹੈ, ਤਾਂ ਉਹ ਮੱਛੀਆਂ ਸਮੇਤ ਮਨੁੱਖਾਂ, ਪੌਦਿਆਂ ਅਤੇ ਜਾਨਵਰਾਂ ਨੂੰ ਨੁਕਸਾਨ ਪਹੁੰਚਾ ਸਕਦੇ ਹਨ।*

*ਨੁਕਸਾਨ ਦਾ **ਦਰਜ਼ਾ** (ਨਤੀਜਾ) ਜਲਮਾਰਗਾਂ ਅਤੇ ਮੱਛੀ ਦੇ ਜੀਵਨ ਲਈ ਮਹੱਤਵਪੂਰਨ ਹੋ ਸਕਦਾ ਹੈ ਜੇ ਵਰਤੇ ਹੋਏ ਤੇਲ ਦਾ ਮੀਂਹ ਦੇ ਪਾਣੀ ਦੇ ਨਾਲੇ ਵਿੱਚ ਫੈਲਣਾ ਸੀ। ਨਾਲ ਹੀ ਰਿਸਣ ਜਾਂ ਡੁੱਲ੍ਹਣ ਨਾਲ ਉਸ ਦੇ ਕਰਮਚਾਰੀਆਂ ਜਾਂ ਉਸ ਦੀ ਕੰਮ ਦੀ ਜਗ੍ਹਾ ਦੇ ਨੇੜੇ ਭਾਈਚਾਰੇ ਨੂੰ ਨੁਕਸਾਨ ਹੋ ਸਕਦਾ ਹੈ।*

## 4. ਖਤਰਿਆਂ ਬਾਰੇ ਗਿਆਨ




ਤੁਹਾਨੂੰ ਵਾਤਾਵਰਣ ਅਤੇ ਮਨੁੱਖੀ ਸਿਹਤ ਲਈ ਤੁਹਾਡੀਆਂ ਗਤੀਵਿਧੀਆਂ ਦੇ ਖਤਰਿਆਂ ਬਾਰੇ ਗਿਆਨ ਹੋਣਾ ਚਾਹੀਦਾ ਹੈ, ਅਤੇ ਇਹਨਾਂ ਨੂੰ ਲੱਭਣਾ ਚਾਹੀਦਾ ਹੈ। ਤੁਹਾਨੂੰ ਇਹ ਜਾਣਨ ਦੀ ਵੀ ਲੋੜ ਹੈ ਕਿ ਉਨ੍ਹਾਂ ਨੂੰ ਕਿਵੇਂ ਹੱਲ ਕਰਨਾ ਹੈ।

ਕਿਸੇ ਡਿਊਟੀ ਧਾਰਕ ਦੀਆਂ ਕਾਰਵਾਈਆਂ ਦਾ ਮੁਲਾਂਕਣ ਕੀਤੇ ਜਾਣ ਵਾਲੇ ਗਿਆਨ ਵਿੱਚ ਦੋਵੇਂ ਸ਼ਾਮਲ ਹਨ:

- ਉਹ *ਅਸਲ ਵਿੱਚ ਕੀ ਜਾਣਦੇ ਹਨ*, ਅਤੇ
- ਉਹਨਾਂ ਦੇ ਹਾਲਾਤਾਂ ਵਿੱਚ ਕਿਸੇ ਨੂੰ ਖਤਰਿਆਂ ਬਾਰੇ *ਵਾਜਬ ਤੌਰ ਤੇ ਕੀ ਜਾਣਨਾ* ਚਾਹੀਦਾ ਹੈ।

ਇਹ ਮਿਲ ਕੇ 'ਗਿਆਨ ਦੀ ਅਵਸਥਾ' ਬਣਾਉਂਦੇ ਹਨ, ਜੋ ਕਿਸੇ ਕਰਤੱਵ ਧਾਰਕ ਦੇ ਕਰਤੱਵਾਂ ਦੇ ਦਾਇਰੇ ਨੂੰ ਪਰਿਭਾਸ਼ਿਤ ਕਰਨ ਵਿੱਚ ਮਦਦ ਕਰਦਾ ਹੈ। ਇਸ ਗਿਆਨ ਨੂੰ ਪ੍ਰਾਪਤ ਕਰਨ ਦਾ ਮਤਲਬ ਹੈ ਭਰੋਸੇਯੋਗ, ਨਾਮਵਰ ਸਰੋਤਾਂ ਨੂੰ ਵਰਤਣਾ। ਮੌਜੂਦਾ ਗਿਆਨ ਕਾਰੋਬਾਰੀ ਅਤੇ ਉਦਯੋਗ ਸੰਗਠਨਾਂ, ਅਧਿਨਿਯਮਕ (ਰੈਗੂਲੇਟਰੀ) ਅਤੇ ਸਰਕਾਰੀ ਏਜੰਸੀਆਂ ਅਤੇ ਹੋਰ ਸੁਤੰਤਰ ਅਤੇ/ਜਾਂ ਅੰਤਰਰਾਸ਼ਟਰੀ ਸੰਸਥਾਵਾਂ ਤੋਂ ਆ ਸਕਦਾ ਹੈ।

ਸੰਭਾਵਿਤ ਖਤਰੇ ਬਾਰੇ ਤੁਹਾਡੇ ਕੋਲ ਜਿੰਨਾ ਜ਼ਿਆਦਾ ਗਿਆਨ ਹੁੰਦਾ ਹੈ, ਓਨਾ ਹੀ ਤੁਹਾਨੂੰ ਨੁਕਸਾਨ ਦੀ ਸੰਭਾਵਨਾ ਦੀ ਭਵਿੱਖਬਾਣੀ ਕਰਨ ਦੇ ਯੋਗ ਹੋਣ ਦੀ ਸੰਭਾਵਨਾ ਵਧੇਰੇ ਹੁੰਦੀ ਹੈ, ਅਤੇ ਇਸ ਤੋਂ ਬਚਣ ਲਈ ਕਾਰਵਾਈ ਕਰਨ ਦੀ ਸੰਭਾਵਨਾ ਹੁੰਦੀ ਹੈ। ਇਸੇ ਤਰ੍ਹਾਂ, ਉਸੇ ਸਥਿਤੀ ਵਿੱਚ ਹੋਰ ਡਿਊਟੀ ਧਾਰਕਾਂ ਤੋਂ ਗਿਆਨ ਪ੍ਰਾਪਤ ਕਰਨ ਵਿੱਚ ਅਸਫਲ ਰਹਿਣ ਦਾ ਮਤਲਬ ਇਹ ਹੋਵੇਗਾ ਕਿ ਤੁਹਾਡੀ ਆਪਣੇ ਕਰਤੱਵਾਂ ਦੀ ਪਾਲਣਾ ਕਰਨ ਦੇ ਯੋਗ ਹੋਣ ਦੀ ਸੰਭਾਵਨਾ ਨਹੀਂ ਹੈ।

ਬਹੁਤ ਸਾਰੇ ਮਾਮਲਿਆਂ ਵਿੱਚ, ਜਿੱਥੇ ਨਾਮਵਰ ਸੇਧਾਂ, ਮਿਆਰਾਂ ਜਾਂ ਉਦਯੋਗ ਪ੍ਰਥਾਵਾਂ ਵਿੱਚ ਨਿਰਧਾਰਤ ਅਭਿਆਸਾਂ ਦਾ ਇਕ ਸਪੱਸ਼ਟ, ਸਵੀਕਾਰ ਕੀਤਾ ਅਤੇ ਪ੍ਰਭਾਵਸ਼ਾਲੀ ਕੰਟਰੋਲ ਜਾਂ ਕੰਟਰੋਲ ਸੈੱਟ ਹੁੰਦੇ ਹਨ, ਇਹ ਇਸ ਗੱਲ ਦਾ ਵਧੀਆ ਪ੍ਰਤੀਬਿੰਬ ਦਰਸਾਉਂਦਾ ਹੈ ਕਿ ਤੁਹਾਡੀ ਸਥਿਤੀ ਵਾਸਤੇ *ਵਾਜਬ ਤੌਰ ਉੱਤੇ ਵਿਹਾਰਕ* ਕੀ ਹੈ।

*ਉਦਾਹਰਣ: ਅਹਿਮਦ ਨੂੰ ਕੰਮ ਵਾਲੀ ਜਗ੍ਹਾ ਉੱਤੇ ਨਵੇਂ ਅਤੇ ਵਰਤੇ ਹੋਏ ਇੰਜਣ ਵਾਲੇ ਤੇਲ ਨੂੰ ਸਟੋਰ ਕਰਕੇ ਪੈਦਾ ਹੋਏ ਖਤਰਿਆਂ ਦਾ ਪ੍ਰਬੰਧ ਕਰਨ ਲਈ ਖਤਰਿਆਂ ਅਤੇ ਉਪਲਬਧ ਕੰਟਰੋਲਾਂ ਬਾਰੇ ਜਾਣਕਾਰੀ ਹੋਣੀ ਚਾਹੀਦੀ ਹੈ, ਜਾਂ ਲੱਭਣੀ ਚਾਹੀਦੀ ਹੈ।*

*ਅਹਿਮਦ ਕੂੜੇ ਦੇ ਖਤਰਨਾਕ ਗੁਣਾਂ ਬਾਰੇ, ਅਤੇ ਤਰਲ ਪਦਾਰਥਾਂ, ਜਿਵੇਂ ਕਿ ਤੇਲ ਨੂੰ ਸੁਰੱਖਿਅਤ ਸਟੋਰ ਕਰਨ ਅਤੇ ਸੰਭਾਲ ਬਾਰੇ ਉਸ ਲਈ ਉਪਲਬਧ ਉਦਯੋਗ ਦੀਆਂ ਸੇਧਾਂ ਬਾਰੇ ਖੋਜ ਕਰਦਾ ਹੈ। ਉਹ ਇਹ ਉਸ ਵੱਲੋਂ ਵਰਤੀਆਂ ਜਾਂਦੇ ਤੇਲ ਵਾਲੇ ਲੇਬਲ ਪੜ੍ਹ ਕੇ ਕਰਦਾ ਹੈ, ਅਤੇ ਉਦਯੋਗ ਅਤੇ EPA ਵਿਕਟੋਰੀਆ ਤੋਂ ਸੇਧ ਦੀ ਮੰਗ ਕਰਦਾ ਹੈ। ਸੇਧ ਵਿੱਚ EPA ਦੀਆਂ ਤਰਲਾਂ ਨੂੰ ਸਟੋਰ ਕਰਨਾ ਅਤੇ ਸੰਭਾਲਣ ਦੇ ਦਿਸ਼ਾ-ਨਿਰਦੇਸ਼ (EPA ਪ੍ਰਕਾਸ਼ਨ 1698) ਵਰਗੀਆਂ ਪੜ੍ਹਨ ਵਾਲੀਆਂ ਸਮੱਗਰੀਆਂ ਸ਼ਾਮਲ ਹਨ।*

*ਕਿਉਂਕਿ ਅਹਿਮਦ ਆਪਣੇ **ਗਿਆਨ** ਨੂੰ ਵਧਾਉਣਾ ਚਾਹੁੰਦਾ ਹੈ, ਇਸ ਲਈ ਉਹ ਇਹ ਸਮਝਣਾ ਚਾਹੁੰਦਾ ਹੈ ਕਿ ਉਸ ਦੇ ਉਦਯੋਗ ਦੇ ਹੋਰ ਲੋਕ ਕੀ ਕਰਦੇ ਹਨ। ਅਹਿਮਦ ਆਪਣੇ ਖੇਤਰ ਦੇ ਮਾਹਰਾਂ ਅਤੇ ਆਪਣੀ ਉਦਯੋਗ ਦੀ ਐਸੋਸੀਏਸ਼ਨ ਨਾਲ ਗੱਲ ਕਰਨ ਲਈ ਸਮਾਂ ਕੱਢਦਾ ਹੈ, ਇਹ ਸਮਝਣ ਲਈ ਕਿ ਦੂਜਿਆਂ ਨੇ ਕਿਹੜੇ ਕੰਟਰੋਲ ਲਗਾਏ ਹਨ, ਜੋ ਉਸ ਲਈ ਵੀ ਉਪਲਬਧ ਹੋ ਸਕਦੇ ਹਨ। ਇਹ ਸਰੋਤ ਮਿਲ ਕੇ ਇਕ ਸਮੇਂ ਉੱਤੇ ਗਿਆਨ ਦੀ ਸਥਿਤੀ ਨੂੰ ਜਾਣਕਾਰੀ ਦਿੰਦੇ ਹਨ।*

### 5. ਮੌਜੂਦਗੀ ਅਤੇ ਢੁਕਵਾਂਪਣ




ਤੁਹਾਨੂੰ ਇਸ ਗੱਲ ਉੱਤੇ ਵਿਚਾਰ ਕਰਨ ਦੀ ਲੋੜ ਹੈ ਕਿ ਕਿਹੜੇ ਕੰਟਰੋਲ **ਉਪਲਬਧ** ਹਨ, ਅਤੇ ਇਹ ਵੀ ਕਿ ਖਤਰੇ ਨੂੰ ਖਤਮ ਕਰਨ ਜਾਂ ਘਟਾਉਣ ਲਈ ਕੀ **ਢੁਕਵਾਂ** ਹੈ। ਇਸ ਦਾ ਮਤਲਬ ਇਹ ਨਹੀਂ ਹੈ ਕਿ ਖਰੀਦਣ ਲਈ ਕੰਟਰੋਲ ਉਪਕਰਣਾਂ ਨੂੰ ਦੇਖਣਾ; ਇਸ ਦਾ ਮਤਲਬ ਕੰਮ ਪ੍ਰਕਿਰਿਆ ਵਿੱਚ ਤਬਦੀਲੀ ਨੂੰ ਲਾਗੂ ਕਰਨਾ ਵੀ ਹੋ ਸਕਦਾ ਹੈ।

ਕਿਸੇ ਖਤਰੇ ਜਾਂ ਖਤਰੇ ਨੂੰ ਖਤਮ ਕਰਨ ਜਾਂ ਘਟਾਉਣ ਦਾ ਇਕ ਤਰੀਕਾ ਆਮ ਤੌਰ ਉੱਤੇ *ਉਪਲਬਧ* ਹੁੰਦਾ ਹੈ ਜੇ ਇਸ:

- ਕੰਟਰੋਲ ਉਪਾਅ ਨੂੰ ਖਰੀਦਣਾ ਜਾਂ ਬਣਾਉਣਾ ਸੰਭਵ ਹੈ; ਜਾਂ
- ਜਿੱਥੇ ਇਹ ਇਕ ਕਾਰਜ ਪ੍ਰਕਿਰਿਆ ਹੈ, ਉੱਥੇ ਤੁਹਾਡੇ ਹਾਲਾਤਾਂ ਵਿੱਚ ਲਾਗੂ ਕਰਨਾ ਸੰਭਵ ਹੈ। ਕਿਸੇ ਖਤਰੇ ਜਾਂ

ਖਤਰੇ ਨੂੰ ਖਤਮ ਕਰਨ ਜਾਂ ਘਟਾਉਣ ਦਾ ਇਕ ਤਰੀਕਾ ਆਮ ਤੌਰ ਉੱਤੇ *ਢੁਕਵਾਂ* ਹੁੰਦਾ ਹੈ, ਜੇ ਇਹ:

- ਕਿਸੇ ਖਤਰੇ ਜਾਂ ਖਤਰੇ ਤੋਂ ਨੁਕਸਾਨ ਦੀ ਸੰਭਾਵਨਾ ਜਾਂ ਦਰਜੇ ਨੂੰ ਖਤਮ ਕਰਨ ਜਾਂ ਘਟਾਉਣ ਵਿੱਚ ਪ੍ਰਭਾਵਸ਼ਾਲੀ ਹੈ
- ਸਾਰੇ ਹਾਲਾਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ, ਨਵੇਂ ਅਤੇ ਵਧੇਰੇ ਖਤਰਿਆਂ ਨੂੰ ਪੇਸ਼ ਨਹੀਂ ਕਰਦਾ
- ਜੋ ਹਾਲਾਤ ਜਾਂ ਖਤਰੇ ਮੌਜੂਦ ਹਨ, ਉਨ੍ਹਾਂ ਨੂੰ ਵੇਖਦੇ ਹੋਏ ਇਹ ਇਕ ਵਿਹਾਰਕ ਉਪਾਅ ਹੈ।




ਇਹਨਾਂ ਮਾਮਲਿਆਂ ਉੱਤੇ ਵਿਚਾਰ ਕਰਦੇ ਸਮੇਂ, ਤੁਸੀਂ ਕੰਟਰੋਲਾਂ ਦੀ ਲੜੀ ਬਾਰੇ ਸੋਚ ਸਕਦੇ ਹੋ। ਉਦਾਹਰਣ ਲਈ, ਜੇ ਖਤਰਿਆਂ ਨੂੰ ਕੰਟਰੋਲ ਕਰਨ ਲਈ ਉੱਨਤ ਤਕਨਾਲੋਜੀ ਜਾਂ ਸਾਜ਼ੋ-ਸਾਮਾਨ ਉਪਲਬਧ ਨਹੀਂ ਹੈ (ਯਾਨੀ ਕਿ ਤੁਸੀਂ **ਖਤਰੇ** ਨੂੰ ਖਤਮ ਨਹੀਂ ਕਰ ਸਕਦੇ), ਤਾਂ ਤੁਸੀਂ ਸਰਗਰਮੀ ਨੂੰ ਜਗ੍ਹਾ ਦੇ (**ਤਕਨੀਕੀ ਕੰਟਰੋਲਾਂ**) ਨਾਲ ਕਿਸੇ ਵੱਖਰੇ (ਸੁਰੱਖਿਅਤ) ਸਥਾਨ ਉੱਤੇ ਲਿਜਾਣ ਵਰਗੇ ਹੋਰ ਕੰਟਰੋਲਾਂ ਉੱਤੇ ਵਿਚਾਰ ਕਰ ਸਕਦੇ ਹੋ, ਜਾਂ ਆਪਣੇ ਅਮਲੇ ਨੂੰ ਗਤੀਵਿਧੀ ਕਰਨ ਦੇ ਪ੍ਰਭਾਵਸ਼ਾਲੀ ਤਰੀਕੇ ਨਾਲ ਸਿਖਲਾਈ ਦੇ ਕੇ ਖਤਰੇ (**ਪ੍ਰਸ਼ਾਸਕੀ ਕੰਟਰੋਲਾਂ**) ਨੂੰ ਘੱਟ ਤੋਂ ਘੱਟ ਕਰ ਸਕਦੇ ਹੋ।

## ਵਾਜਬ ਤੌਰ 'ਤੇ ਵਿਹਾਰਕ

*ਉਦਾਹਰਣ: ਅਹਿਮਦ ਕੰਟਰੋਲ ਦੇ ਉਪਾਵਾਂ ਦੀ ਪਛਾਣ ਕਰ ਸਕਦਾ ਹੈ ਜੋ ਆਪਣੇ ਸਪਲਾਇਰਾਂ ਨਾਲ ਆਪਣੀਆਂ ਗਤੀਵਿਧੀਆਂ ਬਾਰੇ ਵਿਚਾਰ-ਵਟਾਂਦਰਾ ਕਰਕੇ ਉਪਲਬਧ ਹਨ। ਉਹ ਖਤਰੇ ਦੇ ਕੰਟਰੋਲ ਵਿਕਲਪਾਂ ਦੀ ਖੋਜ ਵੀ ਕਰ ਸਕਦਾ ਹੈ ਜੋ ਵਿਕਰੀ ਲਈ ਹਨ, ਜਾਂ ਨਵੀਆਂ ਪ੍ਰਕਿਰਿਆਵਾਂ ਜੋ ਉਹ ਉਦਯੋਗ ਅਤੇ EPA ਦੀ ਸੇਧ ਨੂੰ ਜਾਰੀ ਰੱਖ ਕੇ ਅਪਣਾ ਸਕਦਾ ਹੈ। ਉਦਾਹਰਣ ਲਈ, ਇਸ ਸਮੇਂ ਬਹੁਤ ਸਾਰੇ ਡੁੱਲ੍ਹਣ ਦੀ ਰੋਕਥਾਮ ਦੇ ਵੱਖ-ਵੱਖ ਹੱਲ ਉਪਲਬਧ ਹਨ, ਜਿੰਨ੍ਹਾਂ ਦੀ ਵਰਤੋਂ ਕਰਨ ਬਾਰੇ ਅਹਿਮਦ ਵਿਚਾਰ ਕਰ ਸਕਦਾ ਹੈ।*

*ਅਹਿਮਦ ਇਸ ਗੱਲ ਉੱਤੇ ਵਿਚਾਰ ਕਰ ਸਕਦਾ ਹੈ, ਇਹ ਸਮਝ ਕੇ ਕੀ ਕੰਟਰੋਲ ਉਸ ਦੇ ਹਾਲਾਤਾਂ ਲਈ ਢੁਕਵੇਂ ਹਨ, ਕਿ ਉਹ ਕਿਵੇਂ ਕੰਮ ਕਰਨਗੇ, ਉਸ ਨੂੰ ਆਪਣੀ ਦੁਕਾਨ ਜਾਂ ਪ੍ਰਕਿਰਿਆ ਵਿੱਚ ਕਿਹੜੀਆਂ ਵਾਧ-ਘਾਟਾਂ ਕਰਨ ਦੀ ਲੋੜ ਪੈ ਸਕਦੀ ਹੈ, ਅਤੇ ਖਤਰਿਆਂ ਦਾ ਪ੍ਰਬੰਧ ਕਰਨ ਲਈ ਵਿਕਲਪ ਕਿੰਨੇ ਪ੍ਰਭਾਵਸ਼ਾਲੀ ਹੋਣਗੇ। ਹੋ ਸਕਦਾ ਹੈ ਕਿ ਉਸ ਦੀ ਦੁਕਾਨ ਉੱਤੇ ਹੋਰ ਖਤਰਿਆਂ ਕਰਕੇ ਕੁਝ ਵਿਕਲਪ ਢੁਕਵੇਂ ਨਾ ਹੋਣ। ਉਦਾਹਰਣ ਲਈ, ਕੁਝ ਉਪਲਬਧ ਡੁੱਲ੍ਹਣ ਵਾਲੀਆਂ ਕਿੱਟਾਂ ਡੁੱਲ੍ਹੇ ਇੰਜਣ ਵਾਲੇ ਤੇਲ ਦੀ ਜਲਣਸ਼ੀਲਤਾ ਕਾਰਨ ਉਸ ਦੀ ਦੁਕਾਨ ਵਿੱਚ ਵਰਤਣ ਲਈ ਢੁਕਵੀਆਂ ਨਹੀਂ ਹੋ ਸਕਦੀਆਂ। ਅਹਿਮਦ ਨੂੰ ਇਹ ਜਾਂਚ ਕਰਨੀ ਪਵੇਗੀ ਕਿ ਕਿਹੜੀਆਂ ਕਿੱਟਾਂ ਤੇਲ ਦੇ ਅਨੁਕੂਲ ਸਨ।*

*ਅਹਿਮਦ ਠੋਕਰਾਂ ਦੇ ਖਤਰੇ ਨੂੰ ਘੱਟ ਕਰਨ ਲਈ ਸੰਕੇਤਾਂ ਦੀ ਵਰਤੋਂ ਕਰਨ ਉੱਤੇ ਵੀ ਵਿਚਾਰ ਕਰ ਸਕਦਾ ਹੈ। ਹਾਲਾਂਕਿ, ਜੇ ਸੰਕੇਤ ਅੰਗਰੇਜ਼ੀ ਵਿੱਚ ਹਨ, ਤਾਂ ਇਹ ਉਸ ਦੀ ਟੀਮ ਦੇ ਸਾਰੇ ਮੈਂਬਰਾਂ ਲਈ ਢੁਕਵੇਂ ਨਹੀਂ ਹੋ ਸਕਦੇ। ਇਸ ਮਾਮਲੇ ਵਿੱਚ, ਅਹਿਮਦ ਨੂੰ ਰੰਗਾਂ ਅਤੇ ਤਸਵੀਰਾਂ ਵਾਲੇ ਸੰਕੇਤਾਂ ਦੀ ਵਰਤੋਂ ਕਰਨ ਦੀ ਲੋੜ ਹੈ ਜੋ ਉਸ ਖੇਤਰ ਵਿੱਚ ਗੱਡੀ ਚਲਾਉਣ ਦੇ ਖਤਰਿਆਂ ਨੂੰ ਸਪੱਸ਼ਟ ਕਰਨਗੇ ਜਿੱਥੇ ਵਰਤੇ ਹੋਏ ਤੇਲ ਦਾ ਟੈਂਕ ਸਥਿਤ ਹੈ।*

### 6. ਲਾਗਤ




ਕਿਸੇ ਵਿਸ਼ੇਸ਼ ਹੱਲ ਦੀ ਲਾਗਤ ਜੋ ਨੁਕਸਾਨ ਦੇ ਖਤਰੇ ਨੂੰ ਘਟਾਉਂਦੀ ਹੈ, ਨੂੰ ਇਸ ਨੂੰ ਪ੍ਰਾਪਤ ਕਰਨ ਵਾਲੀ ਕਟੌਤੀ ਦੇ ਹਿਸਾਬ ਨਾਲ ਵਿਚਾਰਿਆ ਜਾਣਾ ਚਾਹੀਦਾ ਹੈ।

ਮਹੱਤਵਪੂਰਣ ਗੱਲ ਇਹ ਹੈ ਕਿ ਸਭ ਤੋਂ ਪ੍ਰਭਾਵਸ਼ਾਲੀ ਹੱਲ ਹਮੇਸ਼ਾ ਸਭ ਤੋਂ ਮਹਿੰਗਾ ਨਹੀਂ ਹੋਵੇਗਾ। ਇਸੇ ਤਰ੍ਹਾਂ, ਖਤਰੇ ਨੂੰ ਕਾਬੂ ਕਰਨ ਲਈ ਉਪਲਬਧ ਸਸਤਾ ਹੱਲ ਸਭ ਤੋਂ ਪ੍ਰਭਾਵਸ਼ਾਲੀ ਨਹੀਂ ਹੋ ਸਕਦਾ।

ਉਦਾਹਰਣ ਲਈ, ਤਕਨੀਕੀ ਕੰਟਰੋਲ ਲਗਾਉਣ ਵਿੱਚ ਕਾਫ਼ੀ ਖਰਚੇ ਹੋ ਸਕਦੇ ਹਨ, ਪਰ ਇਹ ਜਾਇਜ਼ ਹੋਣਗੇ ਜਿੱਥੇ ਇਹ ਖਤਰਿਆਂ ਨੂੰ ਕਾਫ਼ੀ ਘੱਟ ਕਰਦੇ ਹਨ, ਖਾਸ ਕਰਕੇ ਜਿੱਥੇ ਸਿਖਲਾਈ ਵਰਗੇ ਪ੍ਰਸ਼ਾਸਕੀ ਕੰਟਰੋਲਾਂ ਦੇ ਵਧੀਆ ਤਰੀਕੇ ਨਾਲ ਕੰਮ ਕਰਨ ਦੀ ਸੰਭਾਵਨਾ ਨਹੀਂ ਹੈ। ਨਾਲ ਹੀ, ਸਮੇਂ ਦੇ ਨਾਲ, *ਪ੍ਰਭਾਵਸ਼ਾਲੀ* ਪ੍ਰਸ਼ਾਸਕੀ ਕੰਟਰੋਲਾਂ (ਜਿਵੇਂ ਕਿ ਬਕਾਇਦਾ ਸਿਖਲਾਈ ਅਤੇ ਆਡਿਟਾਂ) ਨੂੰ ਬਣਾਈ ਰੱਖਣਾ ਇਕ ਨਿਯੰਤਰਣ ਉਪਾਅ ਤੋਂ ਵੱਧ ਖਰਚਾ ਕਰਵਾ ਸਕਦਾ ਹੈ, ਜਿਸ ਨੂੰ ਨਿਯਮਿਤ ਅੱਪਡੇਟ ਕਰਨ ਦੀ ਲੋੜ ਨਹੀਂ ਹੁੰਦੀ।

ਤੁਹਾਡੇ ਵੱਲੋਂ ਆਪਣੇ ਫਰਜ਼ ਨੂੰ *ਵਾਜਬ ਤੌਰ ਤੇ ਵਿਹਾਰਕ* ਮਿਆਰ ਨਾਲ ਪੂਰਾ ਕਰਨ ਦੀ ਸੰਭਾਵਨਾ ਹੈ, ਜਦੋਂ ਤੁਸੀਂ ਇਹ ਵਿਖਾ ਸਕਦੇ ਹੋ ਕਿ ਖਤਰੇ ਨੂੰ ਘਟਾਉਣ ਲਈ ਆਪਣੇ ਸਰੋਤਾਂ ਨੂੰ ਵਧਾਉਣ ਦੇ ਨਤੀਜੇ ਵਜੋਂ ਉਸ ਖਤਰੇ ਵਿੱਚ ਕੋਈ ਸਾਰਥਕ ਕਮੀ ਨਹੀਂ ਆਵੇਗੀ। ਇਸਦਾ ਮਤਲਬ ਇਹ ਹੈ ਕਿ ਤੁਸੀਂ ਵਿਚਾਰ ਕਰ ਸਕਦੇ ਹੋ ਕਿ ਕੀ:

- ਕੰਟਰੋਲ(ਲਾਂ) ਨੂੰ ਲਾਗੂ ਕਰਨ ਲਈ ਲੋੜੀਂਦਾ ਨਿਵੇਸ਼ ਨੁਕਸਾਨ ਦੇ ਖਤਰੇ ਤੋਂ ਵੱਧ ਹੈ, ਅਤੇ ਇਸ ਲਈ ਉਸ ਕੰਟਰੋਲ(ਲਾਂ) ਨੂੰ ਲਾਗੂ ਕਰਨਾ *ਵਾਜਬ ਤੌਰ ਉੱਤੇ ਵਿਹਾਰਕ* ਨਹੀਂ ਮੰਨਿਆ ਜਾਂਦਾ; ਜਾਂ
- ਵਧੇਰੇ ਮਹਿੰਗੇ ਜਾਂ ਬਹੁਤੇ ਸਰੋਤਾਂ ਦੀ ਲੋੜ ਵਾਲੇ ਕੰਟਰੋਲ(ਲਾਂ) ਨੂੰ ਲਾਗੂ ਕਰਨ ਦੇ ਨਤੀਜੇ ਵਜੋਂ ਖਤਰੇ ਨੂੰ ਕਾਬੂ ਕਰਨ ਵਿੱਚ ਪਛਾਣਨਯੋਗ ਸੁਧਾਰ ਨਹੀਂ ਹੋਵੇਗਾ।


ਇਹਨਾਂ ਮਾਮਲਿਆਂ ਨੂੰ ਧਿਆਨ ਵਿੱਚ ਰੱਖਦੇ ਹੋਏ, ਇਸ ਦਾ ਮਤਲਬ ਇਹ ਨਹੀਂ ਹੈ ਕਿ ਤੁਹਾਨੂੰ ਆਪਣੇ ਖਤਰੇ ਨੂੰ ਕਾਬੂ ਕਰਨ ਦੀ ਲੋੜ ਨਹੀਂ ਹੈ, ਪਰ ਇਹ ਪਛਾਣ ਕਰਨ ਵਿੱਚ ਤੁਹਾਡੀ ਮਦਦ ਕਰ ਸਕਦੇ ਹਨ ਕਿ ਕੀ ਤੁਹਾਡੇ ਕੋਲ ਜੋ ਕੁਝ ਹੈ ਉਹ ਪਹਿਲਾਂ ਹੀ ਪ੍ਰਭਾਵਸ਼ਾਲੀ ਹੈ, ਜਾਂ ਇਕ ਵੱਖਰਾ ਕੰਟਰੋਲ ਖਤਰੇ ਨੂੰ ਖਤਮ ਕਰਨ ਜਾਂ ਘੱਟ ਕਰਨ ਵਿੱਚ ਓਨਾ ਹੀ ਪ੍ਰਭਾਵਸ਼ਾਲੀ ਹੈ।

ਖਤਰੇ ਨੂੰ ਘੱਟ ਕਰਨ ਲਈ ਖਤਰੇ ਦੇ ਕੰਟਰੋਲਾਂ ਦੇ ਸੁਮੇਲ ਦੀ ਅਕਸਰ ਵਰਤੋਂ ਕਰਨਾ ਇਕ ਖਤਰੇ ਵਾਲੇ ਕੰਟਰੋਲ ਉਪਾਅ ਨਾਲੋਂ ਵਿੱਤੀ ਤੌਰ ਤੇ ਵਧੇਰੇ ਵਿਹਾਰਕ ਹੋਵੇਗਾ, ਅਤੇ ਖਤਰੇ ਨੂੰ ਘੱਟ ਕਰਨ ਦੇ ਬਰਾਬਰ ਪੱਧਰ ਨੂੰ ਪ੍ਰਾਪਤ ਕਰੇਗਾ।

*ਉਦਾਹਰਣ: ਅਹਿਮਦ ਨੇ ਨਵੇਂ ਅਤੇ ਵਰਤੇ ਹੋਏ ਇੰਜਣ ਵਾਲੇ ਤੇਲ ਨੂੰ ਦੁਕਾਨ ਵਿੱਚ ਸਟੋਰ ਕਰਕੇ ਨੁਕਸਾਨ ਦੇ ਖਤਰਿਆਂ ਦਾ ਪ੍ਰਬੰਧ ਕਰਨ ਲਈ ਉਸ ਦੇ ਕੋਲ ਉਪਲਬਧ ਸਾਰੇ ਢੁਕਵੇਂ ਕੰਟਰੋਲਾਂ ਦੀ ਪਛਾਣ ਕੀਤੀ ਹੈ।*

*ਅਹਿਮਦ ਕੁਝ ਕੰਟਰੋਲਾਂ ਨੂੰ ਲਾਗੂ ਕਰਨ ਬਾਰੇ ਸੋਚ ਰਿਹਾ ਹੈ ਜੋ ਖਤਰੇ ਨੂੰ ਕਾਬੂ ਕਰਨ ਵਿੱਚ ਪ੍ਰਭਾਵਸ਼ਾਲੀ ਹਨ। ਅਹਿਮਦ ਮੰਨਦਾ ਹੈ ਕਿ ਉਸ ਕੋਲ ਉਪਲਬਧ ਬਹੁਤ ਸਾਰੇ ਕੰਟਰੋਲ ਸਰਲ, **ਲਾਗਤ** ਵੱਲੋਂ ਪ੍ਰਭਾਵਸ਼ਾਲੀ ਅਤੇ ਲਾਗੂ ਕਰਨੇ ਆਸਾਨ ਹਨ। ਹਾਲਾਂਕਿ, ਅਹਿਮਦ ਨੂੰ ਉਪਲਬਧ ਕੁਝ ਕੰਟਰੋਲ ਲਾਗੂ ਕਰਨ ਲਈ ਮਹਿੰਗੇ ਅਤੇ ਬਹੁਤੇ ਸਰੋਤਾਂ ਦੀ ਲੋੜ ਵਾਲੇ ਹਨ। ਅਹਿਮਦ ਇਸ ਬਾਰੇ ਸੋਚੇਗਾ ਕਿ ਕੀ ਉਨ੍ਹਾਂ ਕੰਟਰੋਲਾਂ ਨੂੰ ਲਾਗੂ ਕਰਨ ਦੀ ਲਾਗਤ, ਖਤਰਿਆਂ ਨੂੰ ਹੋਰ ਘਟਾਉਣ ਲਈ ਉਨ੍ਹਾਂ ਦੁਆਰਾ ਲਿਆਏ ਜਾ ਸਕਦੇ ਸੰਭਾਵਿਤ ਲਾਭ ਦੇ ਅਨੁਪਾਤ ਵਿੱਚ ਹੈ।*

*ਅਹਿਮਦ ਨੇ ਹੁਣ ਵਿਚਾਰ ਕੀਤਾ ਹੈ:*




1. *ਕੀ ਮੈਂ ਖਤਰੇ ਨੂੰ ਖਤਮ ਕਰ ਸਕਦਾ ਹਾਂ (ਖਤਮ)?*
2. *ਨੁਕਸਾਨ ਹੋਣ ਦੀ ਕੀ ਸੰਭਾਵਨਾ ਹੈ (ਸੰਭਾਵਨਾ)?*
3. *ਮਨੁੱਖੀ ਸਿਹਤ ਜਾਂ ਵਾਤਾਵਰਣ ਨੂੰ ਨੁਕਸਾਨ ਕਿੰਨਾ ਗੰਭੀਰ ਹੋ ਸਕਦਾ ਹੈ (ਦਰਜ਼ਾ ਜਾਂ ਨਤੀਜਾ)?*
4. *ਮੈਂ ਕੀ ਜਾਣਦਾ ਹਾਂ, ਜਾਂ ਖਤਰਿਆਂ ਬਾਰੇ ਮੈਂ ਕੀ ਲੱਭ ਸਕਦਾ ਹਾਂ (ਗਿਆਨ)?*
5. *ਕਿਹੜੀ ਤਕਨਾਲੋਜੀ, ਪ੍ਰਕਿਰਿਆਵਾਂ ਜਾਂ ਸਾਜ਼ੋ-ਸਾਮਾਨ ਉਪਲਬਧ ਹਨ ਅਤੇ ਖਤਰੇ ਨੂੰ ਕਾਬੂ ਕਰਨ ਲਈ ਢੁਕਵੀਂ ਹੋਵੇਗੀ (ਮੌਜੂਦਗੀ ਅਤੇ ਢੁਕਵਾਂਪਣ)?*
6. *ਕੰਟਰੋਲ ਦੇ ਵਿਕਲਪਾਂ ਦੀ ਲਾਗਤ ਉਸ ਨੁਕਸਾਨ ਨਾਲ ਕਿਵੇਂ ਤੁਲਨਾ ਕਰਦੀ ਹੈ ਜਿਸ ਤੋਂ ਬਚਿਆ ਜਾਵੇਗਾ?*

*ਅਹਿਮਦ ਇਸ ਸੋਚ ਦੀ ਵਰਤੋਂ ਇਹ ਦਰਸਾਉਣ ਲਈ ਕਰ ਸਕਦਾ ਹੈ ਕਿ ਨੁਕਸਾਨ ਦੇ ਖਤਰੇ ਨੂੰ ਖਤਮ ਕਰਨ ਜਾਂ ਘਟਾਉਣ ਲਈ ਉਹ ਜੋ ਕੰਟਰੋਲ ਲਾਗੂ ਕਰਦਾ ਹੈ, ਉਹ **ਵਾਜਬ ਤੌਰ ਤੇ ਵਿਹਾਰਕ ਹਨ**।*

### ਵਾਜਬ ਤੌਰ ਤੇ ਵਿਹਾਰਕ, ਸਮੇਂ ਦੇ ਨਾਲ ਵਿਕਸਤ ਹੋ ਸਕਦਾ ਹੈ

ਮਨੁੱਖੀ ਸਿਹਤ ਅਤੇ ਵਾਤਾਵਰਣ ਲਈ ਖਤਰਿਆਂ ਬਾਰੇ ਗਿਆਨ ਦੀ ਸਥਿਤੀ, ਸਮੇਂ ਦੇ ਨਾਲ ਸੁਧਰਦੀ ਹੈ। ਖਤਰਿਆਂ ਬਾਰੇ ਨਵਾਂ ਗਿਆਨ ਪੈਦਾ ਹੁੰਦਾ ਹੈ ਅਤੇ ਖਤਰਿਆਂ ਦਾ ਬਿਹਤਰ ਪ੍ਰਬੰਧਨ ਕਰਨ ਦੇ ਨਵੇਂ ਮੌਕੇ, ਨਵੀਂ ਅਤੇ ਵਧੇਰੇ ਕਿਫਾਇਤੀ ਤਕਨਾਲੋਜੀ ਅਤੇ ਤਕਨੀਕਾਂ ਰਾਹੀਂ ਪੈਦਾ ਹੁੰਦੇ ਹਨ। ਜਿਸ ਗਤੀ ਨਾਲ ਗਿਆਨ ਬਦਲਦਾ ਹੈ ਜਾਂ ਸੁਧਾਰ ਕਰਦਾ ਹੈ, ਉਹ ਸਾਰੇ ਉਦਯੋਗਾਂ ਅਤੇ ਗਤੀਵਿਧੀਆਂ ਲਈ ਵੱਖਰਾ ਹੈ।

ਡਿਊਟੀ ਧਾਰਕਾਂ ਨੂੰ ਆਪਣੀਆਂ ਗਤੀਵਿਧੀਆਂ ਤੋਂ ਪੈਦਾ ਹੋਣ ਵਾਲੇ ਖਤਰਿਆਂ ਅਤੇ ਮੌਜੂਦਾ ਖਤਰਿਆਂ ਦੇ ਪ੍ਰਬੰਧ ਲਈ ਉਨ੍ਹਾਂ ਦੀ ਪਹੁੰਚ ਦੀ ਪ੍ਰਭਾਵਸ਼ੀਲਤਾ ਦੀ ਸਮੀਖਿਆ ਕਰਨ ਦੀ ਲੋੜ ਹੈ, ਕਿਉਂਕਿ ਨਵੇਂ ਵਿਕਲਪ ਉਪਲਬਧ ਹੁੰਦੇ ਹਨ।

ਤੁਹਾਨੂੰ ਆਪਣੀਆਂ ਗਤੀਵਿਧੀਆਂ ਦੀ ਸੰਭਾਵਨਾ ਅਤੇ ਨਤੀਜੇ ਬਾਰੇ ਆਪਣੀ ਸਮਝ, ਅਤੇ ਮਨੁੱਖੀ ਸਿਹਤ ਅਤੇ ਵਾਤਾਵਰਣ ਨੂੰ ਨੁਕਸਾਨ ਹੋਣ ਦੇ ਖਤਰੇ ਨੂੰ ਘੱਟ ਕਰਨ ਲਈ ਤੁਹਾਡੇ ਕੋਲ ਮੌਜੂਦ ਕੰਟਰੋਲਾਂ ਦੀ ਬਕਾਇਦਾ ਸਮੀਖਿਆ ਵੀ ਕਰਨੀ ਚਾਹੀਦੀ ਹੈ। ਅਜਿਹਾ ਕਰਕੇ ਤੁਸੀਂ ਇਹ ਯਕੀਨੀ ਬਣਾ ਸਕਦੇ ਹੋ ਕਿ ਤੁਸੀਂ ਇਸ ਬਾਰੇ ਵਰਤਮਾਨ ਸਮਝ ਨੂੰ ਪੂਰਾ ਕਰਨਾ ਜਾਰੀ ਰੱਖ ਸਕਦੇ ਹੋ ਕਿ ਵਾਜਬ ਤੌਰ ਤੇ ਵਿਹਾਰਕ ਕੀ ਹੈ।

## ਉਪਲਬਧ ਸਰੋਤ

ਨਵੇਂ ਕਾਨੂੰਨਾਂ ਵਾਸਤੇ ਤਿਆਰ ਹੋਣ ਲਈ ਆਪਣੇ ਕਾਰੋਬਾਰ ਨੂੰ ਤਿਆਰ ਕਰਨ ਬਾਰੇ ਵਧੇਰੇ ਜਾਣਕਾਰੀ ਵਾਸਤੇ, ਤੁਸੀਂ ਆਪਣੀ ਮਦਦ ਕਰਨ ਲਈ ਹੇਠ ਲਿਖੇ ਸਰੋਤਾਂ ਦੀ ਵਰਤੋਂ ਕਰ ਸਕਦੇ ਹੋ:

- *ਉਦਯੋਗਿਕ ਸੇਧ: ਆਮ ਵਾਤਾਵਰਣ ਕਰਤੱਵ ਦੀ ਪਾਲਣਾ ਕਰਨ ਲਈ ਤੁਹਾਡਾ ਸਹਿਯੋਗ ਕਰਨਾ*
  (EPA ਪ੍ਰਕਾਸ਼ਨ 1741)
- ਵਾਤਾਵਰਣ ਨੂੰ ਖਤਰੇ ਦਾ ਪ੍ਰਬੰਧ
- *ਖਤਰੇ ਦਾ ਮੁਲਾਂਕਣ ਅਤੇ ਨਿਯੰਤਰਣ ਕਰਨਾ: ਕਾਰੋਬਾਰਾਂ ਲਈ ਗਾਈਡ*
  (EPA ਪ੍ਰਕਾਸ਼ਨ 1695)
- epa.vic.gov.au/for-business

ਮਾਨਤਾ ਬਿਆਨ

EPA ਵਿਕਟੋਰੀਆ ਦੇਸ਼ ਦੇ ਪਹਿਲੇ ਲੋਕਾਂ ਅਤੇ ਉਨ੍ਹਾਂ ਦੀ ਦੁਨੀਆਂ ਦੇ ਸਭ ਤੋਂ ਪੁਰਾਣੇ ਰਹਿਣ-ਸਹਿਣ ਦੇ ਸਭਿਆਚਾਰ ਦਾ ਅਭਿਆਸ ਕਰਨ ਦੀ ਲਗਾਤਾਰ ਚੱਲ ਰਹੀ ਤਾਕਤ ਨੂੰ ਸਵੀਕਾਰ ਕਰਦਾ ਹੈ। ਅਸੀਂ ਉਸ ਜ਼ਮੀਨ ਅਤੇ ਪਾਣੀ ਦੇ ਰਵਾਇਤੀ ਮਾਲਕਾਂ ਨੂੰ ਸਵੀਕਾਰ ਕਰਦੇ ਹਾਂ, ਜਿਸ ਉੱਤੇ ਅਸੀਂ ਰਹਿੰਦੇ ਹਾਂ ਅਤੇ ਕੰਮ ਕਰਦੇ ਹਾਂ ਅਤੇ ਅਤੀਤ ਤੇ ਵਰਤਮਾਨ ਵਾਲੇ ਉਨ੍ਹਾਂ ਦੇ ਬਜ਼ੁਰਗਾਂ ਦਾ ਆਦਰ ਕਰਦੇ ਹਾਂ।

ਅਸੀਂ ਇਸ ਨੂੰ ਸਵੀਕਾਰ ਕਰਦੇ ਹਾਂ:

- ਭੂਮੀ ਅਤੇ ਪਾਣੀ ਆਦਿਵਾਸੀ ਲੋਕਾਂ ਲਈ ਅਧਿਆਤਮਿਕ, ਸਭਿਆਚਾਰਕ ਅਤੇ ਆਰਥਿਕ ਮਹੱਤਵ ਵਾਲੇ ਹਨ।
- ਵਿਕਟੋਰੀਆ ਵਿੱਚ ਸਾਰੀਆਂ ਥਾਵਾਂ, ਆਦਿਵਾਸੀ ਵਿਕਟੋਰੀਆ ਵਾਸੀਆਂ ਦੇ ਰਵਾਇਤੀ ਦੇਸ਼ ਉੱਤੇ ਸਥਿਤ ਹਨ।
- ਆਦਿਵਾਸੀਆਂ ਦੇ ਹਿੱਤ, ਲੋੜਾਂ ਅਤੇ ਇੱਛਾਵਾਂ, EPA ਦੇ ਮੁੱਖ ਕਾਰੋਬਾਰ ਦੇ ਅਨਿੱਖੜਵੇਂ ਅੰਗ ਹਨ।

ਹਜ਼ਾਰਾਂ ਸਾਲਾਂ ਦੇ ਵਾਤਾਵਰਣ ਪ੍ਰਬੰਧ ਨੂੰ ਮਾਨਤਾ ਦੇਣ ਅਤੇ ਉਨ੍ਹਾਂ ਦਾ ਆਦਰ ਕਰਨ ਵਿੱਚ, ਵਿਕਟੋਰੀਆ ਵਾਸੀ, ਆਦਿਵਾਸੀ ਲੋਕਾਂ ਅਤੇ ਉਨ੍ਹਾਂ ਦਾ ਸਭਿਆਚਾਰ ਮਨੁੱਖੀ ਸਿਹਤ ਅਤੇ ਵਾਤਾਵਰਣ ਨੂੰ ਪ੍ਰਦੂਸ਼ਣ ਅਤੇ ਕੂੜੇ ਦੇ ਹਾਨੀਕਾਰਕ ਪ੍ਰਭਾਵਾਂ ਤੋਂ ਬਚਾਉਣ ਲਈ EPA ਦੇ ਰੈਗੂਲੇਟਰੀ ਹੱਕਾਂ ਦਾ ਅਨਿੱਖੜਵਾਂ ਅੰਗ ਹੈ। ਸਾਡੀ ਰੈਗੂਲੇਟਰੀ ਪਹੁੰਚ ਦੇ ਹਿੱਸੇ ਵਜੋਂ, ਅਸੀਂ ਸਭਿਆਚਾਰਕ ਤੌਰ ਉੱਤੇ ਸੁਰੱਖਿਅਤ ਅਤੇ ਸਮਾਵੇਸ਼ੀ ਕਾਰਜ ਵਾਤਾਵਰਣ ਬਨਾਉਣ ਵਿੱਚ ਸਹਿਯੋਗ ਨਾਲ ਸ਼ਾਮਲ ਹੋਣ ਅਤੇ ਕੰਮ ਕਰਨ ਦੀ ਕੋਸ਼ਿਸ਼ ਕਰਦੇ ਹਾਂ, ਜੋ ਆਦਿਵਾਸੀ ਦ੍ਰਿਸ਼ਟੀਕੋਣਾਂ ਅਤੇ ਕਦਰਾਂ-ਕੀਮਤਾਂ ਨੂੰ ਸ਼ਾਮਲ ਕਰਦਾ ਹੈ।

EPA ਸਾਰੇ ਵਿਕਟੋਰੀਆ ਵਾਸੀਆਂ ਨੂੰ ਉਹਨਾਂ ਤਰੀਕਿਆਂ ਬਾਰੇ ਵਿਚਾਰ ਕਰਨ ਲਈ ਉਤਸ਼ਾਹਤ ਕਰਦਾ ਹੈ, ਜਿੰਨ੍ਹਾਂ ਨਾਲ ਉਹ ਵੀ ਆਦਿਵਾਸੀ ਸਭਿਆਚਾਰਕ ਵਿਰਾਸਤ ਨੂੰ ਸਵੀਕਾਰ ਕਰ ਸਕਦੇ ਹਨ, ਆਦਰ ਕਰ ਸਕਦੇ ਹਨ ਅਤੇ ਉਨ੍ਹਾਂ ਦੀ ਰੱਖਿਆ ਕਰ ਸਕਦੇ ਹਨ।